ਫਰਵਰੀ-2012

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ

## ਸੁਪਨੇ ਸਾਕਾਰ ਕਰਨ ਵੱਲ ਨੂੰ ਵਧਦੇ ਕਦਮ



# ਪੁਰਾਤਨ ਸਾਮਰਾਜਵਾਦ ਅਤੇ ਮਜ਼ਦੂਰ ਜਮਾਤ 'ਚ ਚੇਤਨਾ ਦਾ ਸਵਾਲ

## ਸੈਮੀਨਾਰ






ਪੰਜਾਬੀ ਭਵਨ ਲੁਧਿਆਣਾ ਵਿਖੇ "ਮਜ਼ਦੂਰ ਜਮਾਤ ਅਤੇ ਸਾਮਰਾਜੀ ਜੰਗ ਵਿਸ਼ੇ 'ਤੇ ਦੁਨੀਆਂ ਦੇ ਪ੍ਰਸਿੱਧ ਮਾਰਕਸੀ ਚਿੰਤਕ ਅਤੇ ਸਾਹਿਤਕ ਅਥਾਰਟੀ ਸ੍ਰੀ ਜਾਨ ਮਿਰਡਲ ਨੇ ਵਿਚਾਰ ਰੱਖਦਿਆਂ ਕਿਹਾ ਕਿ ਅਜੋਕੇ ਸਮੇਂ ਵਿਚ ਜੰਗ ਦੇ ਸਵਾਲ ਨੂੰ ਸਾਮਰਾਜ ਨਾਲ ਜੋੜ ਕੇ ਦੇਖਣ ਦੀ ਲੋੜ ਹੈ ਅਤੇ ਉਸ ਵਲੋਂ ਥਾਂ-ਥਾਂ 'ਤੇ ਪੈਦਾ ਕੀਤੀਆਂ ਜਾ ਰਹੀਆਂ ਰਹੀਆਂ ਤਰਾਸਦੀਆਂ ਨੂੰ ਸਮਝਣ ਦੀ ਜ਼ਰੂਰਤ ਹੈ। ਸ੍ਰੀ ਮਿਰਡਲ ਨੇ ਆਪਣੇ ਭਾਸ਼ਣ ਵਿਚ ਇਸ ਪੱਖ ਨੂੰ ਸਮਝਣ 'ਤੇ ਜ਼ੋਰ ਦਿੱਤਾ ਕਿ ਕੁਲ ਦੁਨੀਆਂ 'ਚ ਮਜ਼ਦੂਰ ਜਮਾਤ ਲਹਿਰ ਦੇ ਕਮਜ਼ੋਰ ਹੋ ਜਾਣ ਨਾਲ ਸਾਮਰਾਜੀ ਜੰਗਾਂ ਨੇ ਅਹਿਮ ਭੂਮਿਕਾ ਅਖ਼ਤਿਆਰ ਕਰ ਲਈ ਹੈ। ਮਜ਼ਦੂਰ ਜਮਾਤ ਦੀ ਜਥੇਬੰਦੀ ਦੀ ਆਗੂ ਭੂਮਿਕਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਜਨਤਾ 'ਚ ਜਮਾਤੀ ਚੇਤਨਾ ਖ਼ੁਦ-ਬ-ਖ਼ੁਦ ਪੈਦਾ ਨਹੀਂ ਹੁੰਦੀ ਸਗੋਂ ਇਸ ਲਈ ਸਿਆਸੀ ਜਥੇਬੰਦੀ ਦੀ ਸੁਚੇਤ ਭੂਮਿਕਾ ਫ਼ੈਸਲਾਕੁੰਨ ਹੁੰਦੀ ਹੈ। ਇਸੇ ਵਜ੍ਹਾ ਕਾਰਨ ਨਾਜ਼ੀਵਾਦੀ ਹੁਕਮਰਾਨ ਆਪਣੀ ਜਨਤਾ ਦੇ ਅਹਿਮ ਹਿੱਸੇ ਨੂੰ ਯੂਰਪ ਦੀ ਲੁੱਟ ਦੀ ਬੁਰਕੀ ਪਾਕੇ ਭ੍ਰਿਸ਼ਟ ਬਣਾਉਣ ਅਤੇ ਚੋਣਾਂ 'ਚ ਸਫ਼ਲਤਾ ਹਾਸਲ ਕਰਨ 'ਚ ਕਾਮਯਾਬ ਹੋਏ ਸਨ। ਅਮਰੀਕੀ ਸਾਮਰਾਜ ਦੀ ਨਸਲਘਾਤ ਦੀ ਮਾਨਸਿਕਤਾ ਦੀ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕੋਈ ਅਜੋਕੀ ਅਤੇ ਨਵੀਂ ਗੱਲ ਨਹੀਂ ਹੈ ਬਲਕਿ ਇਹ ਸੰਯੁਕਤ ਰਾਜ ਦੀ ਸਥਾਪਨਾ ਦੇ ਸਮੇਂ ਤੋਂ ਹੀ ਰੈੱਡ ਇੰਡੀਅਨਾਂ ਦੇ ਘਾਣ ਦੀ ਸ਼ਕਲ 'ਚ ਲਗਾਤਾਰ ਚਲੀ ਆ ਰਹੀ ਹੈ। ਇਹ ਦੂਜੇ ਦੇਸ਼ਾਂ 'ਤੇ ਹਮਲਾ ਕਰਕੇ ਉੱਥੇ ਤੇਲ ਦੀ ਹਿਫਾਜ਼ਤ ਲਈ ਤਾਂ ਸੁਰੱਖਿਆ ਤਾਕਤਾਂ ਲਾਉਂਦੀ> ਪਰ ਦੁਨੀਆਂ ਦੀ ਸਭ ਤੋਂ ਪੁਰਾਣੀ ਸੱਭਿਅਤਾ ਨੂੰ ਤਬਾਹ ਕਰਨ ਅਤੇ ਉਜਾੜਨ ਦੀ ਖੁੱਲ੍ਹ ਦਿੰਦੀ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਸਾਮਰਾਜ ਦੁਨੀਆਂ ਉੱਪਰ ਆਪਣੀ ਧਾੜਵੀ ਸਾਮਰਾਜੀ ਜਕੜ ਬਣਾਈ ਰੱਖਣ ਅਤੇ ਇਸ ਅਮਲ 'ਚ ਮਨੁੱਖਤਾ ਦੀ ਭਾਰੀ ਤਬਾਹੀ ਕਰਨ ਦੇ ਸਮਰੱਥ ਹੈ। ਉਨ੍ਹਾਂ ਕਿਹਾ ਕਿ ਸੰਸਾਰ ਪ੍ਰਬੰਧ 'ਚ ਅਹਿਮ ਤਬਦੀਲੀਆਂ ਦੇ ਬਾਵਜੂਦ ਜਿਸਮਾਨੀ ਕਿਰਤ ਦੀ ਲੁੱਟ ਦਾ ਪਹਿਲੂ ਹਾਲੇ ਤੱਕ ਵੀ ਅਹਿਮ ਬਣਿਆ ਹੋਇਆ ਹੈ ਹਾਲਾਂਕਿ ਮਾਨਸਿਕ ਕਿਰਤ ਦੀ ਮਹੱਤਤਾ ਪਹਿਲਾਂ ਦੇ ਮੁਕਾਬਲੇ ਵਧੀ ਹੈ। ਅਤੇ ਜੰਗੀ ਮਸ਼ੀਨ ਦਾ ਵਿਕਾਸ ਸਾਮਰਾਜ ਦੀ ਜਮਾਂਦਰੂ ਵਿਸ਼ੇਸ਼ਤਾ ਰਹੀ ਹੈ। ਉਨ੍ਹਾਂ ਕਿਹਾ ਦੁਨੀਆਂ ਦੇ ਵੱਖ-ਵੱਖ ਹਿੱਸਿਆਂ 'ਚ ਜੋ 'ਵਾਲ ਸਟਰੀਟ 'ਤੇ ਕਬਜ਼ਾ ਕਰੋ' ਸੰਘਰਸ਼ ਚੱਲ ਰਹੇ ਹਨ ਉਹ ਬਹੁਤ ਅਹਿਮ ਹਨ ਪਰ ਸਿਆਸੀ ਦਿਸ਼ਾ ਦੀ ਘਾਟ ਕਾਰਨ ਉਹ ਅੱਗੇ ਨਹੀਂ ਵਧ ਰਹੇ ਕਿਉਂਕਿ ਇਸ ਨੂੰ ਜਥੇਬੰਦ ਰੂਪ ਦੇਕੇ ਕਿਸੇ ਮੁਕਾਮ 'ਤੇ ਪਹੁੰਚਾਉਣ ਵਾਲੀ ਆਗੂ ਤਾਕਤ ਦੀ ਅਣਹੋਂਦ ਹੈ। ਉਨ੍ਹਾਂ ਕਿਹਾ ਸਾਮਰਾਜੀ ਤਾਕਤਾਂ ਸੀਰੀਆ, ਇਰਾਕ ਤੇ ਹੋਰ ਖਾੜੀ ਦੇਸ਼ਾਂ ਵਿਚ ਲੋਕ ਵਿਰੋਧ ਨੂੰ ਸਥਾਨਕ ਮਜ਼ਬੀ ਤੇ ਫਿਰਕੂ ਟਕਰਾਵਾਂ 'ਚ ਬਦਲਕੇ ਇਨ੍ਹਾਂ ਨੂੰ ਲੀਹੋਂ ਲਾਹੁਣ 'ਚ ਕਾਮਯਾਬ ਹੋ ਰਹੀਆਂ ਹਨ। ਸਰੋਤਿਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਸਮਾਜਿਕ ਤਬਦੀਲੀ ਵੱਖ-ਵੱਖ ਦੇਸ਼ਾਂ ਦੇ ਵਿਸ਼ੇਸ਼ ਹਾਲਾਤਾਂ 'ਚੋਂ ਉੱਭਰਨ ਵਾਲੀ ਸਿਧਾਂਤਕ ਸੂਝ ਅਤੇ ਹਾਲਾਤਾਂ ਦੀ ਪਕੜ 'ਤੇ ਮੁਨੱਸਰ ਕਰਦੀ ਹੈ ਅਤੇ ਦੁਨੀਆ ਦਾ ਕੋਈ ਇਕ ਕੇਂਦਰ ਇਸ ਨੂੰ ਅਗਵਾਈ ਨਹੀਂ ਦੇ ਸਕਦਾ। ਉਨ੍ਹਾਂ ਨੇ ਮਾਰਕਸਵਾਦ ਨੂੰ ਸਥਾਨਕ ਸਮਾਜ ਤੇ ਇਤਿਹਾਸ ਨਾਲ ਰਚਨਾਤਮਕ ਰੂਪ 'ਚ ਜੋੜਿਆ। ਨਾਲ ਹੀ ਉਨ੍ਹਾਂ ਨੇ ਭਾਰਤੀ ਹਾਕਮਾਂ ਵਲੋਂ ਛੇ ਦਹਾਕਿਆਂ ਤੋਂ ਆਪਣੇ ਹੀ ਲੋਕਾਂ ਵਿਰੁੱਧ ਚਲਾਈ ਜਾ ਰਹੀ ਅੰਦਰੂਨੀ ਜੰਗ, ਖ਼ਾਸ ਕਰਕੇ ਇਸ ਦੇ ਮੌਜੂਦਾ ਰੂਪ ਓਪਰੇਸ਼ਨ ਗ੍ਰੀਨ ਹੰਟ ਦੇ ਲੁਕਵੇਂ ਉਦੇਸ਼ ਨੂੰ ਸਮਝਣ ਤੇ ਇਸਦਾ ਵਿਰੋਧ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਜੰਗ ਦੇਸ਼ ਦੇ ਅਮੀਰ ਵਸੀਲੇ ਕਾਰਪੋਰੇਟ ਤਾਕਤਾਂ ਨੂੰ ਸੌਂਪਣ ਦੀ ਜੰਗ ਹੈ।

ਇਸ ਮੌਕੇ ਡਾ. ਸੁਖਪਾਲ ਸਿੰਘ, ਸੀ ਪੀ ਆਈ ਐੱਮ ਐੱਲ ਦੇ ਸੂਬਾ ਸਕੱਤਰ ਕਾ. ਦਰਸ਼ਨ ਖਟਕੜ, ਸੀਨੀਅਰ ਆਗੂ ਸਰਦਾਰਾ ਸਿੰਘ ਮਾਹਲ, ਕਰਮ ਬਰਸਟ, ਬਲਵੀਰ ਪ੍ਰਵਾਨਾ ਅਤੇ ਹੋਰ ਸੀਨੀਅਰ ਪੱਤਰਕਾਰ, ਡਾ. ਦਰਸ਼ਨ ਪਾਲ, ਕਰਨਲ ਏ ਐੱਸ ਬਰਾੜ, ਨਰਭਿੰਦਰ, ਅਮੋਲਕ ਸਿੰਘ, ਕਮਲਜੀਤ ਖੰਨਾ, ਬਲਵੰਤ ਮਖੂ, ਸੁਖਦਰਸ਼ਨ ਨੱਤ, ਬਾਰੂ ਸਤਵਰਗ, ਬੂਟਾ ਸਿੰਘ ਸਮੇਤ ਵੱਡੀ ਗਿਣਤੀ ਇਨਕਲਾਬੀ ਆਗੂ ਅਤੇ ਮਜ਼ਦੂਰ, ਕਿਸਾਨ, ਵਿਦਿਆਰਥੀ ਅਤੇ ਮੁਲਾਜ਼ਮ ਆਗੂ ਤੇ ਸੀਨੀਅਰ ਕਾਰਕੁੰਨ ਅਤੇ ਸੱਭਿਆਚਾਰਕ ਕਾਮੇ ਤੇ ਲੇਖਕ ਹਾਜ਼ਰ ਸਨ।

# ਸਰੋਕਾਰਾਂ ਦੀ ਆਵਾਜ਼

ਸਾਲ 1, ਅੰਕ 7, ਫਰਵਰੀ 2012

ਸੰਪਾਦਕ ਮੰਡਲ
(ਆਨਰੇਰੀ)
ਦਵਿੰਦਰ ਤੂਰ
ਹਰਬੰਸ ਸਿੰਘ
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਦਰਸ਼ਨ ਚਾਹਲ (ਸਰੀ, ਬੀ.ਸੀ.)
ਕੁਲਦੀਪ ਸਿੰਘ
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
ਬੀ. ਸਿੰਘ
akashdeep.1064@gmail.com

ਨੋਟ : ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

**Head Office**
Pro-People Arts Project Media Group
SAROKARAN DI AWAZ
29 MAPLEVIEW AVE
BRAMPTON ONTARIO
CANADA L6R 1M2
E-Mail : ppapmg@gmail.com
www.ppapmg.com

## ਸੰਪਾਦਕੀ

# ਨਵੇਂ ਸੁਪਨੇ ਸਿਰਜਦੀਆਂ ਲਹਿਰਾਂ ਨੂੰ ਸਲਾਮ

ਇਤਿਹਾਸ ਦਾ ਵਹਾਅ ਬੜਾ ਦਿਲਚਸਪ ਹੁੰਦਾ ਹੈ। ਇਹ ਜਦੋਂ ਵੀ ਆਪਣੇ ਸਮਿਆਂ ਦੇ ਰੂਬਰੂ ਮਨੁੱਖ ਨੂੰ ਕਰਦਾ ਹੈ ਤਾਂ ਉਸ ਸਮੇਂ ਮਨੁੱਖ ਆਪਣੇ ਅਤੀਤ ਵੱਲ ਝਾਤੀ ਮਾਰਦਾ ਮਹਿਸੂਸ ਕਰਦਾ ਹੈ ਕਿ ਉਸ ਨੇ ਕਿਸ ਕਿਸਮ ਦੀ ਸਥਿਤੀ ਨੂੰ ਕਿਸ ਕਿਸਮ ਨਾਲ ਸਮਝਿਆ ਅਤੇ ਉਸ ਨੂੰ ਬਦਲਣ ਵਿਚ ਆਪਣਾ ਯੋਗਦਾਨ ਪਾਇਆ। 1968ਵਿਆਂ ਵਿਚ ਪਹਿਲੀ ਵੱਡੀ ਲਹਿਰ ਲੰਡਨ ਤੋਂ ਪੈਰਿਸ ਤੱਕ ਸ਼ੁਰੂ ਹੋਈ ਸੀ ਜਿਸ ਨੇ ਆਪਣੇ ਆਪ ਨੂੰ ਸਰਮਾਏਦਾਰੀ ਦੇ ਸੁਨਹਿਰੀ ਯੁੱਗ ਨੂੰ ਇਕ ਅਜਿਹੇ ਚੁਣੌਤੀਆਂ ਭਰੇ ਦੌਰ ਵਿਚ ਪਾ ਦਿੱਤਾ ਸੀ ਪ੍ਰਸਿੱਧ ਵਿਦਵਾਨ ਲੇਖਕ ਤਾਰਕ ਅਲੀ ਨੇ 1968 ਦੀਆਂ ਲਹਿਰਾਂ ਬਾਰੇ ਲਿਖਦਿਆਂ ਕਿਹਾ ਸੀ ਕਿ ਸਾਨੂੰ ਜਿਸ ਕਿਸਮ ਦੀ ਅੰਦਰੂਨੀ ਸੋਚਣ ਦੀ ਤਾਕਤ ਲਹਿਰਾਂ ਦੇ ਵਹਾਅ ਵਿਚ ਮਿਲੀ ਹਾਲਾਂਕਿ ਉਸ ਸਮੇਂ ਪੂੰਜੀਵਾਦੀ ਆਪਣੀ ਬੜੀ ਤੇਜ਼ੀ ਵਾਲੀ ਗਤੀ ਨਾਲ ਚਲ ਰਿਹਾ ਸੀ ਪ੍ਰੰਤੂ ਜਿਸ ਕਿਸਮ ਦਾ ਰਾਜਨੀਤਕ ਏਜੰਡਾ ਲੈ ਕੇ ਵਿਦਿਆਰਥੀ ਸੜਕਾਂ 'ਤੇ ਉਤਰੇ ਉਨ੍ਹਾਂ ਨੇ ਸਮੁੱਚੀ ਵਿਦਵਤਾ ਨੂੰ ਚੁਣੌਤੀ ਦਿੱਤੀ। ਇਸੇ ਤਰ੍ਹਾਂ ਜਦੋਂ ਪਿਛਲੇ ਵਰ੍ਹਿਆਂ 'ਚ ਨਵੀਆਂ ਲਹਿਰਾਂ ਜਨਮ ਲੈ ਰਹੀਆਂ ਸਨ ਹਾਲਾਂਕਿ ਉਨ੍ਹਾਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਪੂੰਜੀਵਾਦ ਦੇ ਸੁਧਾਰ ਦੀ ਵਕਾਲਤ ਹੀ ਕਿਹਾ ਜਾ ਰਿਹਾ ਸੀ ਪ੍ਰੰਤੂ ਜੋ ਕੁਝ ਲਾਤੀਨੀ ਅਮਰੀਕਾ ਦੇ ਲੋਕਾਂ ਨੇ ਕਰ ਵਿਖਾਇਆ ਹੈ ਉਹ ਇਕ ਰੌਸ਼ਨ ਭਵਿੱਖ ਦੀ ਨਵੀਂ ਰੌਸ਼ਨੀ ਪ੍ਰਦਾਨ ਕਰਦਾ ਹੈ। ਲਾਤੀਨੀ ਅਮਰੀਕਾ ਦੇ ਤਿੰਨ ਮੁਲਕ ਬਾਲੀਵੀਆ, ਵੈਂਨਜ਼ੁਲਾ, ਇਕੋਡੋਰ ਜੋ ਕਿ ਕਿਸੇ ਵੀ ਕਿਸਮ ਨਾਲ ਸਨਅਤੀ ਮਜ਼ਦੂਰ ਦੇ ਕੇਂਦਰ ਉਪਰ ਸਥਿਤ ਨਹੀਂ ਸਨ ਜਿਨ੍ਹਾਂ ਵਿਚ ਨਾ ਹੀ ਪੁਰਾਣਾ ਉਹ ਪਾਰਟੀਆਂ ਦਾ ਚੌਕਟਾ ਸੀ ਜਿਹੜੀਆਂ ਕਿਸੇ ਨਾ ਕਿਸੇ ਰੂਪ 'ਚ ਪੁਰਾਤਨ ਸੋਵੀਅਤ ਯੂਨੀਅਨ ਅਤੇ ਚੀਨ ਦੇ ਪ੍ਰਭਾਵ ਹੇਠ ਸ਼ੁਰੂ ਹੋਈਆਂ ਸਨ ਅਤੇ ਜਿਨ੍ਹਾਂ ਉਪਰ ਇਨ੍ਹਾਂ ਮੁਲਕਾਂ ਦੇ ਉਤਰਾਅ-ਚੜ੍ਹਾਅ ਦੀ ਸ਼ਾਪ ਸੀ। ਕਿਸੇ ਵੀ ਕਿਸਮ ਦਾ ਇਨ੍ਹਾਂ ਉਪਰ ਪੁਰਾਣੀਆਂ ਬਹਿਸਾਂ ਨਾਲ ਕੋਈ ਸਬੰਧ ਨਹੀਂ ਸੀ ਜਿਸ ਵਿਚ ਇਨ੍ਹਾਂ ਨੂੰ ਆਪਣੀਆਂ ਬਹੁਤੀ ਤਾਕਤ ਆਪਣੇ ਆਪ ਨੂੰ ਇਨਕਲਾਬੀ ਕਹਾਉਣ ਜਾਂ ਰੱਦਣ ਵਾਸਤੇ ਲਗਾਉਣੀ ਪਈ ਹੋਵੇ। ਬਲਕਿ ਇਨ੍ਹਾਂ ਨੇ ਪ੍ਰਸਿੱਧ ਵਿਦਵਾਨ ਕਾਰਲ ਮਾਰਕਸ ਦੀ ਉਸ ਧਾਰਨਾ ਨੂੰ ਅਪਣਾਇਆ ਜਿਹੜੀ ਬਹੁਤ ਸਮਾਂ ਅਣਗੌਲੀ ਰਹੀ ਕਿ ਵੱਖ ਵੱਖ ਮੁਲਕਾਂ ਦੇ ਸਭਿਆਚਾਰ, ਉਨ੍ਹਾਂ ਦੇ ਵਿਕਾਸ ਮਾਡਲ ਅਤੇ ਉਨ੍ਹਾਂ ਦੀਆਂ ਵੱਖ ਵੱਖ ਸਮੇਂ ਦੀਆਂ ਲਹਿਰਾਂ ਆਦਿ ਦੀ ਵਿਲੱਖਣਤਾ ਹੀ ਉਨ੍ਹਾਂ ਲਹਿਰਾਂ ਦੇ ਆਪਣੇ ਰਸਤੇ ਕੱਢੇਗੀ। ਇਸ ਧਾਰਨਾ ਨੂੰ ਅਮਲੀ ਰੂਪ ਵਿਚ ਲਾਤੀਨੀ ਅਮਰੀਕਾ ਦੇ ਮੁਲਕਾਂ ਦੇ ਆਗੂਆਂ 'ਚੋਂ ਸਭ ਤੋਂ ਪਹਿਲਾਂ ਫੀਦਲ ਕਾਸਟ੍ਰੋ ਨੇ ਸਮਝਿਆ ਸੀ ਤੇ ਮੁੜ ਕੇ ਵੈਂਨਜ਼ੁਲਾ ਦੇ ਸਾਬੇਜ਼ ਨੇ ਸਮਝਿਆ ਅਤੇ ਇਸੇ ਕੜੀ ਵਿਚ ਬਾਲੀਵੀਆ ਦੇ ਮਾਰੇਲੇ ਨੇ ਸਮਝਿਆ ਹੈ ਜਿਨ੍ਹਾਂ ਨੇ ਆਪਣੀ ਛੋਟੀ-ਛੋਟੀ ਪ੍ਰਾਪਰਟੀ ਅਤੇ ਪੁਰਾਤਨ ਕਿਸਮ ਦੇ ਗਰੁੱਪਾਂ ਨੂੰ ਇਕ ਅਜਿਹੇ ਸਾਂਝੀਵਾਲਤਾ ਦੇ ਸੂਤਰ ਵਿਚ ਬੰਨ੍ਹ ਲਿਆ ਕਿ ਉਨ੍ਹਾਂ ਨੇ ਆਪਣੀ ਭਾਈਚਾਰਕ ਅਦਾਰੇ ਅਤੇ ਕਾਮਿਆਂ ਦੀਆਂ ਇਕਜੁਟ ਜਥੇਬੰਦੀਆਂ ਬਣਾ ਕੇ ਬੜੇ ਮੁੱਲਵਾਨ ਤਜਰਬੇ ਹਾਸਲ ਕੀਤੇ ਅਤੇ ਆਪਣੀ ਤਾਕਤ ਦਾ ਅਹਿਸਾਸ ਕੀਤਾ ਅਤੇ ਉਸ ਨੂੰ ਚਲਾਉਣ ਵੱਲ ਨੂੰ ਵੱਡੇ ਕਦਮ ਪੁੱਟੇ। ਇਹ ਮੁਲਕ ਹੀ ਨੇ ਜਿਹੜੇ ਦੁਨੀਆ ਭਰ ਦੀਆਂ ਅਜੋਕੀਆਂ ਲਹਿਰਾਂ ਨੂੰ ਨਵੇਂ ਕਿਸਮ ਨਾਲ ਸਮਝਕੇ ਇਕ ਸਿਆਸੀ ਮਾਡਲ ਦਾ ਰਸਤਾ ਦਿਖਾ ਰਹੇ ਹਨ। ਇਸ ਕਰਕੇ ਅੱਜ ਦੇ ਸਮਿਆਂ 'ਚ ਸਭ ਤੋਂ ਵੱਡੀ ਲੋੜ ਇਸ ਗੱਲ ਦੀ ਹੈ ਕਿ ਆਪਣੇ ਇਰਦ-ਗਿਰਦ ਦੇ ਹਾਲਾਤਾਂ ਨੂੰ ਸਮਝੀਏ ਉਨ੍ਹਾਂ ਵਿਚ ਇਕ ਨਵੀਂ ਸਮਝਦਾਰੀ ਪਾਈਏ ਜਿਹੜੀ ਇਕ ਨਵੇਂ ਸੁਪਨੇ ਨੂੰ ਸਾਕਾਰ ਕਰਨ ਵਿਚ ਭਾਈਵਾਲ ਹੋ ਸਕੇ।

- ਹਰਬੰਸ ਸਿੰਘ


# ਪੰਜਾਬ ਦੀ ਰਾਜਨੀਤੀ ਦੇ ਸੰਦਰਭ ਵਿਚ



*ਪੰਜਾਬ ਦੀ ਰਾਜਨੀਤੀ ਨੇ ਇਸ ਵਾਰੀ ਵੱਖ-ਵੱਖ ਵਿਸ਼ਲੇਸ਼ਕਾਂ ਨੂੰ ਅਜਿਹੇ ਹਾਲਾਤ ਵਿਚ ਸੁੱਟ ਦਿੱਤਾ ਹੈ ਕੋਈ ਵੀ ਬੁਰਜੂਆ ਰਾਜਨੀਤੀ ਦੇ ਨਿਕਲਣ ਵਾਲੇ ਨਤੀਜਿਆਂ ਬਾਰੇ ਸਪਸ਼ਟ ਨਹੀਂ ਉਸ ਦਾ ਬੁਨਿਆਦੀ ਕਾਰਨ ਜਿਸ ਕਿਸਮ ਨਾਲ ਨੌਜਵਾਨ ਪੀੜ੍ਹੀ ਨੇ ਸਥਾਪਤ ਪਾਰਟੀਆਂ ਨੂੰ ਅਸਿੱਧੇ ਰੂਪ ਵਿਚ ਨਵੀਂ ਉਡਾਰੀ ਭਰਨ ਦੀ ਇੱਛਾ ਨਾਲ ਤੀਸਰੇ ਬਦਲ ਦੀ ਤਲਾਸ਼ ਵੱਲ ਕਦਮ ਪੁੱਟੇ ਹਾਲਾਂਕਿ ਉਹ ਵੀ ਇਕ ਮਿਰਗ ਤ੍ਰਿਸ਼ਨਾ ਹੀ ਸਾਬਤ ਹੋਵੇਗਾ। ਪ੍ਰੰਤੂ ਜਿਸ ਕਿਸਮ ਨਾਲ ਇਸ ਵਾਰੀ ਨੌਜਵਾਨ ਤਬਕੇ ਨਾਲ ਰਾਜਨੀਤੀ ਵਿਚ ਆਪਣੀ ਭਾਗੀਦਾਰੀ ਬਣਾਈ ਹੈ ਹਿ ਇਕ ਸ਼ਲਾਘਾਯੋਗ ਕੰਮ ਹੈ। ਜਿਹੜਾ ਭਵਿੱਖ ਵਿਚ ਨਵੇਂ ਕਿਸਮ ਦੀਆਂ ਚੁਣੌਤੀਆਂ ਦੇ ਪ੍ਰਸੰਗ ਵਿਚ ਨਵੇਂ ਵਿਚਾਰਾਂ ਨਾਲ ਅਦਾਨ ਪ੍ਰਦਾਨ ਕਰਕੇ ਇਕ ਨਵੀਂ ਰਾਜਨੀਤਕ ਸੋਝੀ ਵਾਲੀ ਤੋਰ ਵਿਚ ਸ਼ਾਮਲ ਹੋਵੇਗਾ। ਕਿਉਂਕਿ ਪਿਛਲਿਆਂ ਸਮਿਆਂ ਵਿਚ ਨੌਜਵਾਨ ਹਿੱਸਾ ਰਾਜਨੀਤੀ ਤੋਂ ਅਲੱਗ ਥਲੱਗ ਹੋ ਕੇ ਸਿਰਫ਼ ਤੱਕ ਸੀਮਤ ਹੋ ਗਿਆ ਸੀ ਹੁਣ ਉਹ ਜਿਸ ਕਿਸਮ ਨਾਲ ਦੁਨੀਆ ਦੇ ਨੌਜਵਾਨਾਂ ਵਲੋਂ ਰਾਜਨੀਤਕ ਪਹਿਲ ਕਦਮੀਆਂ ਕੀਤੀਆਂ ਜਾ ਰਹੀਆਂ ਹਨ ਉਨ੍ਹਾਂ ਵਾਂਗ ਉਹ ਵੀ ਕ੍ਰਿਆਸ਼ੀਲ ਹੋ ਰਿਹਾ ਹੈ। ਹੁਣ ਦੇਖਣਾ ਇਹ ਹੈ ਕਿ ਕਿਸ ਕਿਸਮ ਦੇ ਵਿਚਾਰ ਇਨ੍ਹਾਂ ਦੀ ਸੋਚ ਦਾ ਹਿੱਸਾ ਬਣਦੇ ਹਨ।*

ਪੰਜਾਬ ਦੀ ਰਾਜਨੀਤੀ ਦਾ ਅਜੋਕਾ ਦੌਰ ਬੜਾ ਦਿਲਚਸਪ ਰਿਹਾ ਹੈ। ਇਸ ਦਾ ਬੁਨਿਆਦੀ ਕਾਰਨ ਇਹ ਸੀ ਕਿ ਪੁਰਾਤਨ ਕਿਸਮ ਦੇ ਮੁੱਦੇ ਇਸ ਸਮੇਂ ਦੀਆਂ ਚੋਣਾਂ ਵਿਚ ਛਾਏ ਨਹੀਂ ਰਹੇ। ਜਿਹੜੇ ਕਦੀ ਅਕਾਲੀਆਂ ਦੇ ਖਿਲਾਫ਼ ਇਸ ਕਿਸਮ ਨਾਲ ਕਾਂਗਰਸੀਆਂ ਵਲੋਂ ਪੇਸ਼ ਕੀਤੇ ਜਾਂਦੇ ਸਨ ਕਿ ਇਹ ਹਮੇਸ਼ਾ ਹੀ ਸੱਤਾ ਵਿਚ ਤਾਂ ਆ ਜਾਂਦੇ ਹਨ ਪ੍ਰੰਤੂ ਇਨ੍ਹਾਂ ਨੂੰ ਸੱਤਾ ਚਲਾਉਣੀ ਨਹੀਂ ਆਉਂਦੀ। ਇਹ ਗੱਲ ਸੱਚੀ ਵੀ ਸੀ ਜਿੰਨੀ ਵਾਰੀ ਵੀ ਅਕਾਲੀ ਸੱਤਾ ਵਿਚ ਆਏ ਉਨ੍ਹਾਂ ਦੇ ਆਪਣੇ ਕਲੇਸ਼ਾਂ ਕਾਰਨ ਛੇਤੀ ਹੀ ਉਨ੍ਹਾਂ ਨੂੰ ਸੱਤਾ ਤੋਂ ਪਰ੍ਹੇ ਹਟਣਾ ਪਿਆ ਜਾਂ ਹਟਾ ਦਿੱਤਾ ਗਿਆ। ਰਹਿੰਦੀ ਕਸਰ ਅਤਿਵਾਦ ਦੇ ਸਮੇਂ ਦੇ ਦੌਰ ਵਿਚੋਂ ਗੁਜਰਦਿਆਂ ਨਿਕਲ ਗਈ ਜਦੋਂ ਇਨ੍ਹਾਂ 'ਤੇ ਕਿਸੇ ਨਾ ਕਿਸੇ ਕਿਸਮ ਨਾਲ ਦੇਸ਼ ਵਿਰੋਧੀ ਹੋਣ ਦਾ ਇਲਜ਼ਾਮ ਲੱਗਣ ਲੱਗਾ। ਇਥੋਂ ਤੱਕ ਕਿ ਅਕਾਲੀ ਆਪਣੇ ਆਪ ਨੂੰ ਇਹ ਸਿੱਧ ਕਰਨ 'ਤੇ ਜ਼ੋਰ ਲਗਾ ਦਿੰਦੇ ਸਨ ਕਿ ਅਸੀਂ ਨਾ ਦੇਸ਼ ਧਰੋਹੀ ਹਾਂ ਅਤੇ ਨਾ ਹੀ ਦੇਸ਼ ਵਿਰੋਧੀ ਹਾਂ। ਅਸੀਂ ਵੀ ਦੇਸ਼ ਦਾ ਅੰਗ ਹਾਂ। ਇਹ ਜ਼ਰੂਰ ਹੈ ਕਿ ਸਾਡਾ ਹੋਰ ਧਰਮਾਂ ਵਾਂਗ ਇਕ ਅਲੱਗ ਧਰਮ ਵੀ ਹੈ ਜੋ ਸਾਡੀ ਰਾਜਨੀਤੀ ਦੀ ਅਸਿੱਧੇ ਜਾਂ ਸਿੱਧੇ ਰੂਪ 'ਚ ਇਕ ਚੂਲ ਦਾ ਕੰਮ ਕਰਦਾ ਹੈ। ਦੂਸਰੇ ਪਾਸੇ ਕਾਂਗਰਸੀ ਜਿਹੜੇ ਲੰਬੇ ਸਮੇਂ ਤੋਂ ਦੇਸ਼ ਦੀ ਹਕੂਮਤ ਨੂੰ ਇੰਝ ਸਮਝਦੇ ਹਨ ਜਿਵੇਂ ਉਹ ਉਨ੍ਹਾਂ ਦੇ ਦਾਦਿਆਂ, ਪੜਦਾਦਿਆਂ ਦੀ ਵਿਰਾਸਤ ਹੋਵੇ ਅਤੇ ਉਨ੍ਹਾਂ ਨੂੰ ਉਸ ਦੀ ਮਾਲਕੀ ਉਹ ਦੇ ਗਏ ਹੋਣ। ਉਹ ਆਪਣੇ ਆਪ ਨੂੰ ਆਪਣਾ ਜੱਦੀ-ਪੁਸ਼ਤੀ ਰਾਜ ਮਹਿਸੂਸ ਕਰਕੇ ਚਲਦੇ ਸਨ। ਇਕ ਦੌਰ ਅਜਿਹਾ ਵੀ ਆਇਆ ਕਿ ਜਦੋਂ ਹਿੰਦੂਤਵ ਵਾਲੀਆਂ ਤਾਕਤਾਂ ਨੇ ਆਪਣਾ ਰਾਜਨੀਤਕ ਹਿਸਾ ਪੰਜਾਬ ਵਿਚ ਇਕ ਅਜਿਹੇ ਸੰਰਚਨਾ ਰਾਹੀਂ ਹਾਸਲ ਕਰ ਲਿਆ ਜਿਸ ਵਿਚ ਹਿੰਦੂ ਸਿੱਖ ਏਕਤਾ ਦੇ ਨਾਂ ਹੇਠ ਬੀ.ਜੇ.ਪੀ-ਅਕਾਲੀ ਦਲ ਗਠਜੋੜ ਹੋਂਦਵਿਚ ਆਇਆ ਜਿਸ ਕਾਰਨ ਅਕਾਲੀਆਂ ਨੂੰ ਇਕ ਵਾਰੀ ਦੇਸ਼ ਦੇ ਪੱਧਰ 'ਤੇ ਹਿੰਦੂਤਵ ਵਾਲੀਆਂ ਤਾਕਤਾਂ ਦਾ ਸਹਾਰਾ ਅਜਿਹਾ ਮਿਲਿਆ ਕਿ ਉਨ੍ਹਾਂ ਨੂੰ ਦਿੱਲੀ ਦੇ ਤਖਤ 'ਤੇ ਬੈਠੀ ਕਾਂਗਰਸ ਸਰਕਾਰ ਨਾਲ ਬਰਾਬਰ ਦੀ ਮੜੀਕਣ ਵਾਲੀ ਤਾਕਤ ਬੀ.ਜੇ.ਪੀ. ਹਾਸਲ ਹੋ ਗਈ। ਇਸ ਕਿਸਮ ਦੀ ਸਥਿਤੀ ਵਿਚ ਬੀ. ਜੇ. ਪੀ.-ਅਕਾਲੀ ਆਪਣੇ ਪੰਜ ਸਾਲ ਪੂਰੇ ਕਰ ਗਏ ਅਤੇ ਅਗਲੇ ਪੰਜ ਸਾਲਾਂ ਦੇ ਸੁਪਨੇ ਪਾਲਣ ਲੱਗੇ। ਦੂਸਰੇ ਪਾਸੇ ਕਾਂਗਰਸੀ ਜਿਹੜੇ ਸਿਰਫ਼ ਸੱਤਾ ਤਬਦੀਲੀ ਦੇ ਸਮਿਆਂ ਵਿਚ ਹੀ ਗਤੀਸ਼ੀਲ ਹੁੰਦੇ ਹਨ ਉਹ ਮੁੜ ਆਪਣੇ ਆਪ ਨੂੰ ਪੰਜਾਬ ਵਿਧਾਨ ਸਭਾ ਦੇ ਵਾਰਸ਼ ਸਮਝਣ ਲੱਗੇ। ਸਥਿਤੀ ਦੀ ਵਡੰਬਨਾ ਇਹ ਹੈ ਕਿ ਜਿਸ ਕਿਸਮ ਨਾਲ ਇਨ੍ਹਾਂ ਚੋਣਾਂ ਵਿਚ ਦੋਵੇਂ ਸੱਤਾਧਾਰੀ ਪਾਰਟੀਆਂ ਨੇ ਰਾਜਨੀਤਕ ਏਜੰਡੇ ਨੂੰ ਆਰਥਿਕਤਾ ਨਾਲ ਜੋੜ ਕੇ ਪੇਸ਼ ਕੀਤਾ ਉਸ ਵਿਚ ਕੋਈ ਵੀ ਬੁਨਿਆਦੀ ਫਰਕ ਨਹੀਂ ਸੀ ਜੋ ਕਿ ਪਿਛਲੇ ਸਮੇਂ ਵਿਚ ਜਿਸ ਕਿਸਮ ਨਾਲ ਪੰਜਾਬ ਵਿਚ ਕਾਰਪੋਰੇਟ ਘਰਾਣੇ ਆਪਣੇ ਸਲਤਨਤ ਸਥਾਪਤ ਕਰ ਚੁੱਕੇ ਹਨ ਉਨ੍ਹਾਂ ਨੇ ਇਕ ਅਜਿਹੇ ਵਿਕਾਸ ਦਾ ਮਾਡਲ ਮੁੜ ਸਥਾਪਤ ਕਰਨ ਲਈ ਨਵੇਂ ਸੁਪਨੇ ਸਿਰਜ ਦਿੱਤੇ ਕਿ ਇਸ ਕਿਸਮ ਦੀਆਂ ਸੜਕਾਂ ਹੋਣਗੀਆਂ , ਇਸ ਕਿਸਮ ਦੇ ਵਿਦਿਅਕ ਅਦਾਰੇ ਹੋਣਗੇ ਅਤੇ ਇਸ ਕਿਸਮ ਦੇ ਰੁਜ਼ਗਾਰ ਹੋਣਗੇ। ਦੋਵਾਂ ਮੁੱਖ ਪਾਰਟੀਆਂ ਦੇ ਚੋਣ ਮੈਨੀਫੈਸਟੋਆਂ ਵਿਚੋਂ ਕਾਰਪੋਰੇਟ ਘਰਾਣਿਆਂ ਦਾ ਵਿਕਾਸ ਮਾਡਲ ਸਪਸ਼ਟ ਝਲਕਦਾ ਸੀ। ਇਸ ਨੂੰ ਕੇਂਦਰ ਬਣਾ ਕੇ ਪੰਜਾਬ ਦੀਆਂ ਚੋਣਾਂ ਵਿਚ ਇਨ੍ਹਾਂ ਪਾਰਟੀਆਂ ਨੇ ਆਪਣਾ ਪੈਂਤੜਾ ਖੇਡਿਆ। ਹਾਲਾਂਕਿ ਲੋਕਾਂ ਵਿਚ ਕਿਸੇ ਵੀ ਕਿਸਮ ਦਾ ਉਤਸ਼ਾਹ ਨਹੀਂ ਸੀ ਪ੍ਰੰਤੂ ਜਿਸ ਕਿਸਮ ਨਾਲ ਡੇਰਿਆਂ ਅਤੇ ਸਾਧਾਂ ਨੇ ਸੁਧਾਰ ਵਰਗੇ ਕੰਮਾਂ ਅਤੇ ਲੋਕਾਂ ਨੂੰ ਰੂਹਾਨੀ ਸ਼ਾਂਤੀ ਦੇਣ ਦਾ ਪੈਂਤੜਾ ਅਖ਼ਤਿਆਰ ਕੀਤਾ ਹੋਇਆ ਹੈ ਉਨ੍ਹਾਂ ਦੇ ਸਮਾਜਿਕ ਆਧਾਰ ਨੂੰ ਵਰਤਣ ਲਈ ਦੋਵੇਂ ਪਾਰਟੀਆਂ ਜ਼ੋਰ ਲਾਉਂਦੀਆਂ ਰਹੀਆਂ। ਰਹਿੰਦੀ ਕਸਰ ਡੇਰਾ ਸੱਚਾ

ਸੌਦਾ ਨੇ ਕਰ ਦਿੱਤੀ ਜੋ ਕਿ ਅਜੋਕੇ ਸਮਿਆਂ ਵਿਚ ਆਪਣੇ ਆਪ ਵਿਚ ਇਕ ਅਜਿਹਾ ਰਾਜਨੀਤਕ ਵਿੰਗ ਵੀ ਸਥਾਪਤ ਕਰ ਚੁੱਕੀ ਹੈ ਜੋ ਵੱਖ-ਵੱਖ ਭਵਿੱਖ ਦੇ ਲੀਡਰਾਂ ਦੇ ਵਿਚਾਰ ਹਾਸਲ ਕਰਦੀ ਹੈ ਅਤੇ ਮੁੜ ਕੇ ਉਨ੍ਹਾਂ ਨੂੰ ਮਦਦ ਦਿੰਦੀ ਹੈ। ਇਸ ਕਿਸਮ ਦੀ ਪ੍ਰਕਿਰਿਆ ਨੇ ਸਮੁੱਚੇ ਮਾਲਵੇ ਦੇ ਖੇਤਰਾਂ ਨੂੰ ਵੋਟ ਬੈਂਕ ਦੇ ਦ੍ਰਿਸ਼ਟੀਕੋਣ ਤੋਂ ਪ੍ਰਭਾਵਤ ਕੀਤਾ ਹੈ। ਦੂਸਰੇ ਪਾਸੇ ਪੰਜਾਬ ਵਿਚ ਕਿਸੇ ਸਮੇਂ ਰਾਜਨੀਤਕ ਤੱਤੇ ਨਾਅਰਿਆਂ ਦੀ ਵਕਾਲਤ ਕਰਨ ਵਾਲੇ ਬਾਬਿਆਂ ਨੇ ਵੀ ਸੱਤਾਧਾਰੀ ਪਾਰਟੀ ਦੇ ਹੱਕ ਵਿਚ ਆਪਣੇ ਇਸ਼ਤਿਹਾਰ ਅਤੇ ਮਦਦ ਦੇਣ ਦਾ ਪ੍ਰਵਚਨ ਉਚਾਰਨ ਕਰ ਦਿੱਤਾ। ਅਜਿਹੀ ਰਾਜਨੀਤੀ ਦੇ ਚਲਦੇ ਵਹਾਅ ਵਿਚ ਦੋਵੇਂ ਪ੍ਰਮੁੱਖ ਪਾਰਟੀਆਂ ਤੋਂ ਪੰਜਾਬ ਦਾ ਨੌਜਵਾਨ ਤਬਕਾ ਕਾਫ਼ੀ ਬਦਜਨ ਹੋਇਆ ਪਿਆ ਸੀ। ਉਨ੍ਹਾਂ ਨੂੰ ਜਾਪਿਆ ਕਿ ਸਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਾਲਾ ਮਨਪ੍ਰੀਤ ਬਾਦਲ ਦਾ ਪਤੰਗ ਸਾਡੇ ਲਈ ਅਜਿਹੀ ਅਕਾਸੀ ਉਡਾਰੀ ਲਿਆਏਗਾ ਜਿਸ ਨਾਲ ਅਸੀਂ ਬ੍ਰਹਿਮੰਡ ਵਿਚ ਆਪਣਾ ਸਥਾਨ ਹਾਸਲ ਕਰ ਲਵਾਂਗਾ। ਮਨਪ੍ਰੀਤ ਨੇ ਪੰਜਾਬ ਦੇ ਵਿਰਸੇ ਨੂੰ ਆਪਣੀ ਰਾਜਨੀਤਕ ਪੈਂਤੜੇਬਾਜ਼ੀ ਵਿਚ ਖੂਬ ਵਰਤਿਆ ਉਸ ਨੇ ਇਕ ਸੁਪਨਾ ਸਿਰਜ ਦਿੱਤਾ ਕਿ ਭਗਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਅਸੀਂ ਸਿਰਜਨਾ ਹੈ ਇਸ ਕਰਕੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਤੁਹਾਡੇ ਵੋਟ ਦੇ ਹੱਕਦਾਰ ਅਸੀਂ ਹਾਂ। ਇਸ ਵਿਚ ਸੀ.ਪੀ.ਆਈ. ਅਤੇ ਸੀ.ਪੀ.ਐਮ. ਨੇ ਪੂਰਾ ਸਾਥ ਦਿੱਤਾ। ਦੋਵਾਂ ਰਾਜਨੀਤਕ ਪਾਰਟੀਆਂ ਤੋਂ ਅੱਕੇ ਨੌਜਵਾਨਾਂ ਨੇ ਮਨਪ੍ਰੀਤ ਦੇ ਉਮੀਦਵਾਰਾਂ ਨੂੰ ਆਪਣਾ ਭਵਿੱਖ ਦਾ ਸੁਪਨਾ ਸਾਕਾਰ ਕਰਨ ਲਈ ਵੋਟ ਇਸਤੇਮਾਲ ਕੀਤੀ। ਹਾਲਾਂਕਿ ਮਨਪ੍ਰੀਤ ਕੋਲ ਕਿਸੇ ਵੀ ਕਿਸਮ ਦਾ ਕੋਈ ਅਜਿਹਾ ਰਾਜਨੀਤਕ ਅਤੇ ਆਰਥਿਕ ਦ੍ਰਿਸ਼ਟੀਕੋਣ ਨਹੀਂ ਸੀ ਜਿਸ ਦੇ ਸਿਰ 'ਤੇ ਅਜੋਕੇ ਸੰਕਟਗ੍ਰਸਤ ਪੂੰਜੀਵਾਦ ਵਿਚੋਂ ਪੰਜਾਬ ਅਤੇ ਪੰਜਾਬ ਦੀ ਜਵਾਨੀ ਉਭਰ ਸਕੇ। ਪ੍ਰੰਤੂ ਫਿਰ ਵੀ ਉਹ ਆਪਣਾ ਭਗਤ ਸਿੰਘੀ ਸੁਪਨਾ ਵੇਚਣ ਵਿਚ ਸਾਕਾਰ ਰਿਹਾ ਜਿਸ ਨੇ ਦੋਵਾਂ ਪ੍ਰਮੁੱਖ ਪਾਰਟੀਆਂ ਦੇ ਸੁਪਨਿਆਂ ਨੂੰ ਕਾਫ਼ੀ ਹੱਦ ਤੱਕ ਚਕਨਾਚੂਰ ਕੀਤਾ ਹੈ। ਉਨ੍ਹਾਂ ਨੇ ਬਾਬੇ ਅਤੇ ਸਾਧ ਇਸਤੇਮਾਲ ਕੀਤੇ ਹਨ। ਇਧਰ ਇਸ ਨੇ ਭਗਤ ਸਿੰਘ ਨੂੰ ਇਸਤੇਮਾਲ ਕੀਤਾ ਹੈ। ਇਹ ਤਾਂ ਆਉਣ ਵਾਲੇ ਦਿਨਾਂ ਵਿਚ ਡੱਬਿਆਂ ਵਿਚੋਂ ਕਿਹੜਾ ਉਮੀਦਵਾਰ ਕਿਸ ਚੀਜ਼ ਨੂੰ ਵੱਧ ਵੇਚ ਕੇ ਆਪਣਾ ਭਵਿੱਖ ਉਜਾਗਰ ਕਰ ਸਕਿਆ ਹੈ ਉਸ ਦਾ ਸੁਪਨਾ ਵਿਧਾਨ ਸਭਾ ਵਿਚ ਪਹੁੰਚਣ ਦਾ ਪੂਰਾ ਹੋ ਜਾਵੇਗਾ ਪ੍ਰੰਤੂ ਲੋਕਾਂ ਦੇ ਸੁਪਨੇ ਉਸੇ ਤਰ੍ਹਾਂ ਹੀ ਖੜ੍ਹੇ ਰਹਿਣਗੇ। ਉਨ੍ਹਾਂ ਦੇ ਸੁਪਨਿਆਂ ਨੂੰ ਹਕੀਕੀਜਾਮਾ ਪਹਿਨਾਉਣ ਵਾਲੇ ਹਿੱਸੇ ਅਜੇ ਆਪਣੀਆਂ ਛੋਟੀਆਂ ਛੋਟੀਆਂ ਵਿੱਤੀ ਅਤੇ ਆਰਥਿਕ ਮੰਗਾਂ ਦੀਆਂ ਵਲਗਣਾਂ ਵਿਚ ਫਸੇ ਹੋਏ ਹਨ। ਉਹ ਕਿਸੇ ਵੀ ਕਿਸਮ ਨਾਲ ਪੰਜਾਬ ਦੇ ਲੋਕਾਂ ਅੱਗੇ ਆਪਣਾ ਪੂੰਜੀਵਾਦ ਦੇ ਖਾਤਮੇ ਅਤੇ ਸਮਾਜਵਾਦੀ ਸੰਰਚਨਾ ਦੇ ਵਿਕਾਸ ਮਾਡਲ ਦਾ ਸੁਪਨਾ ਉਜਾਗਰ ਨਹੀਂ ਕਰ ਸਕੇ। ਇਹ ਕਾਰਜ ਅਜੇ ਬਹੁਤ ਵੱਡਾ ਹੈ ਅਤੇ ਇਸ ਕਾਰਜ ਪ੍ਰਤੀ ਬਹੁਤ ਘੱਟ ਸੰਜੀਦਾ ਹਿੱਸੇ ਕਾਰਜਸ਼ੀਲ ਹਨ। ਨੁਕਤਾਚੀਨੀ ਕਰ ਲੈਣੀ ਬੜੀ ਆਸਾਨ ਹੈ ਕਿਸੇ ਦੀਆਂ ਗਲਤੀਆਂ ਨੂੰ ਕੋਸੀ ਜਾਣਾ ਬੜਾ ਆਸਾਨ ਹੈ ਪ੍ਰੰਤੂ ਕੋਈ ਰਾਜਨੀਤਕ ਬਦਲ ਉਸਾਰਨਾ ਅਤੇ ਉਸ ਲਈ ਜਥੇਬੰਦਕ ਢਾਂਚਾ ਵਿਕਸਿਤ ਕਰਨਾ ਅਤੇ ਉਸ ਲਈ ਇਕ ਨਵੇਂ ਕਰਿੰਦਿਆਂ ਨੂੰ ਨਵੀਂ ਸੋਝੀ ਪ੍ਰਦਾਨ ਕਰਨਾ ਪਹਾੜ ਜਿੱਡਾ ਕਾਰਜ ਹੁੰਦਾ ਹੈ। ਇਸ ਕਾਰਜ ਤੋਂ ਤਬਦੀਲੀ ਵਾਲੇ ਹਿੱਸੇ ਅਜੇ ਵੀ ਕੋਹਾਂ ਦੂਰ ਹਨ।




**ਨਵੇਂ ਹੁਕਮਰਾਨਾਂ ਦੀ ਉਡੀਕ ਵਿਚ ਵਿਧਾਨ ਸਭਾ ਆਪਣੇ ਆਪ ਨੂੰ ਨਿਖਾਰ ਰਹੀ ਹੈ ਕਿ ਕਿਸ ਕਿਸਮ ਨਾਲ ਆਉਣ ਵਾਲੇ ਨਵੇਂ ਹੁਕਮਰਾਨਾ ਨੂੰ ਮੁੜ ਪੰਜਾਬ ਦੇ ਲੋਕਾਂ 'ਤੇ ਸਰਦਾਰੀ ਲਈ ਨਵੇਂ ਹੁਕਮਰਾਨ ਨਵੇਂ ਸਿਰੇ ਤੋਂ ਲੋਕਾਂ 'ਤੇ ਆਪਣਾ ਰਾਜ ਸਥਾਪਤ ਕਰਨਗੇ।**

ਸੋ ਲੋੜ ਇਸ ਗੱਲ ਦੀ ਹੈ ਕਿ ਪੰਜਾਬ ਦੇ ਲੜਾਕੂ ਇਤਿਹਾਸਕ ਵਿਰਸੇ ਨੂੰ ਰਾਜਨੀਤੀ ਦੀ ਇਕ ਵੰਨਗੀ ਦੇ ਤੌਰ 'ਤੇ ਨਾਲ ਲੈਂਦੇ ਹੋਏ ਅਜੋਕੇ ਸਮਿਆਂ ਦੇ ਪੂੰਜੀਵਾਦ ਦੇ ਮਾਡਲ ਨੂੰ ਸੰਸਥਾ ਪੱਧਰ 'ਤੇ ਅਤੇ ਵਿਚਾਰਧਾਰਕ ਪੱਧਰ 'ਤੇ ਨਜਿੱਠ ਕੇ ਪੰਜਾਬ ਦੇ ਲੋਕਾਂ ਲਈ ਇਕ ਸਿਆਸੀ ਬਦਲ ਉਭਾਰਨ ਦੀ ਜ਼ਰੂਰਤ ਹੈ ਜਿਸ ਵਾਸਤੇ ਕਿੰਨੇ ਹੀ ਮਜ਼ਦੂਰ, ਮੁਲਾਜ਼ਮ ਅਤੇ ਕਿਸਾਨ ਆਗੂ ਅਤੇ ਕਰਿੰਦੇ ਰੋਜ਼ ਵੱਖ ਵੱਖ ਢੰਗਾਂ ਨਾਲ ਪੰਜਾਬ ਵਿਚ ਆਪੋ ਆਪਣੀਆਂ ਲੜਾਈਆਂ ਲੜ ਰਹੇ ਹਨ ਇਨ੍ਹਾਂ ਨੂੰ ਇਕ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਵਿਕਸਿਤ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ। ਨਹੀਂ ਤਾਂ ਜਿਸ ਕਿਸਮ ਨਾਲ 60 ਸਾਲਾਂ ਤੋਂ ਕਦੀ ਬਾਦਲਕਿਆਂ ਦੇ ਪਰਿਵਾਰ ਕਦੀ ਬੇਅੰਤ ਸਿੰਘ ਦਾ ਪਰਿਵਾਰ ਅਤੇ ਮਹਾਰਾਜਿਆਂ ਦਾ ਪਰਿਵਾਰ, ਕਦੇ ਕੈਰੋਂਕਿਆਂ ਦਾ ਪਰਿਵਾਰ ਅਤੇ ਕਦੀ ਮਜੀਠੀਆ ਪਰਿਵਾਰ ਲੋਕਾਂ ਦੀ ਹੋਣੀ ਅਤੇ ਅਣਹੋਣੀ ਦੇ ਵਾਰਸ ਬਣ ਕੇ ਨਵੀ ਕਿਸਮ ਦੀਆਂ ਤਰਾਸ਼ਦੀਆਂ ਨੂੰ ਜਨਮ ਦਿੰਦੇ ਰਹਿਣਗੇ। ਇਨ੍ਹਾਂ ਤਰਾਸ਼ਦੀਆਂ ਤੋਂ ਖਹਿੜਾ ਛੁਡਾਉਣ ਲਈ ਇਕ ਰਾਜਨੀਤਕ ਬਦਲ ਦੀ ਅਣਹੋਂਦ ਲਗਾਤਾਰ ਇਕ ਤੋਂ ਵੱਧ ਇਕ ਕਿਸਮ ਦੀ ਤਰਾਸ਼ਦੀ ਪੰਜਾਬ ਦੇ ਮਿਹਨਤੀ ਲੋਕਾਂ ਨੂੰ ਦੇਈ ਜਾ ਰਹੀ ਹੈ।

- ਮੋਹਨ ਸਿੰਘ

# ਲੋਕਪਾਲ ਅਤੇ ਲੋਕਅਯੁਕਤ ਬਿੱਲ ਦਾ ਚੀਰਹਰਨ




**ਜਿਸ ਕਿਸਮ ਨਾਲ ਲੋਕਪਾਲ ਦਾ ਸਵਾਲ ਭਾਰਤੀ ਰਾਜਨੀਤੀ ਤੋਂ ਲੈ ਕੇ ਆਮ ਵਿਅਕਤੀ ਤੱਕ ਨੂੰ ਆਪਣੀ ਗ੍ਰਿਫ਼ਤ ਲੈ ਚੁੱਕਾ ਹੈ ਇਸ ਸਵਾਲ ਪ੍ਰਤੀ ਸਹੀ ਪਹੁੰਚ ਅਪਣਾਉਣ ਹਿੱਤ ਪ੍ਰਸਿੱਧ ਰਾਜਨੀਤਕ ਵਿਸ਼ਲੇਸ਼ਕ ਸ੍ਰੀ ਮੋਹਨ ਸਿੰਘ ਦੇ ਵਿਚਾਰ ਪ੍ਰਸਤੁਤ ਕਰਨ ਦਾ ਮਾਣ ਹਾਸਲ ਕਰ ਰਹੇ ਹਾਂ। ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਸਮਾਜਿਕ ਸਮੱਸਿਆਵਾਂ ਦੇ ਰੂਬਰੂ ਕਰਦਿਆਂ ਇਕ ਬਦਲਵੇਂ ਸਮਾਜਿਕ ਪ੍ਰਬੰਧ ਲਈ ਵਿਚਾਰਾਂ ਵਾਸਤੇ ਸਮਾਂ ਲਗਾਉਣ ਦਾ ਟੀਚਾ ਮਿਥਿਆ ਹੋਇਆ ਹੈ।**

ਲੋਕਪਾਲ ਅਤੇ ਲੋਕਅਯੁਕਤਾਂ ਬਿੱਲ ਜੋ ਪਿਛਲੇ ਛੇ ਮਹੀਨਿਆਂ ਤੋਂ ਭਾਰਤੀ ਸਿਆਸਤ ਅੰਦਰ ਭਖਵਾਂ ਮੁੱਦਾ ਬਣਿਆ ਰਿਹਾ ਹੈ, ਅੰਤ ਉਹ ਉਹ ਠੰਡੇ ਬਸਤੇ ਵਿਚ ਪੈ ਗਿਆ ਹੈ। ਇਸ ਬਿੱਲ ਨੂੰ 42 ਸਾਲਾਂ ਵਿਚ ਵਾਰ ਵਾਰ ਲੋਕ ਸਭਾ ਵਿਚ ਪੇਸ਼ ਕਰਨ ਅਤੇ ਇਸ ਨੂੰ ਪਾਸ ਕਰਨ ਦੀ ਕਵਾਇਦ ਕੀਤੀ ਗਈ ਪਰ ਸਾਡੇ ਆਗੂਆਂ ਦੀ ਸਿਆਸੀ ਇੱਛਾ ਸ਼ਕਤੀ ਦੀ ਘਾਟ ਕਾਰਨ ਇਸ ਨੂੰ ਪਾਸ ਨਹੀਂ ਕੀਤਾ ਜਾ ਸਕਿਆ। ਇਨ੍ਹਾਂ 42 ਸਾਲਾਂ ਦੌਰਾਨ ਭ੍ਰਿਸ਼ਟਾਚਾਰ ਦਾ ਤੰਦੂਆਂਜਾਲ ਆਪਣੇ ਪੈਰ ਪਸਾਰਦਾ ਗਿਆ ਅਤੇ ਇਸ ਨੇ ਸਾਡੇ ਸਾਰੇ ਪ੍ਰਬੰਧ ਨੂੰ ਨਿਗਲ ਲਿਆ ਅਤੇ ਇਸ ਭ੍ਰਿਸ਼ਟਾਚਾਰ ਦੇ ਦਾਗ ਸਾਡੀ ਕੋਈ ਵੀ ਪਾਰਲੀਮਾਨੀ ਪਾਰਟੀ ਨਹੀਂ ਬਚ ਸਕੀ ਪਰ ਯੂ ਪੀ ਏ ਸਰਕਾਰ (2) ਦੇ ਦੌਰ ਅੰਦਰ ਰਾਸ਼ਟਰ ਮੰਡਲ ਖੇਡ ਘੁਟਾਲਾ, 2 ਜੀ ਘੁਟਾਲਾ, ਯੇਡੂਰੱਪਾ ਘੁਟਾਲਾ ਅਤੇ ਅਨੇਕਾਂ ਹੋਰ ਘੁਟਾਲੇ ਸਾਹਮਣੇ ਆਏ ਹਨ। ਜੇ ਭਾਰਤ ਲਈ 2011 ਦੇ ਵਰ੍ਹੇ ਨੂੰ ਘੁਟਾਲਿਆਂ ਦਾ ਵਰ੍ਹਾ ਕਹਿਣਾ ਹੋਵੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਇਨ੍ਹਾਂ ਘੁਟਾਲਿਆਂ ਨੇ ਕਾਂਗਰਸ ਨੂੰ ਹੀ ਨਹੀਂ ਸਗੋਂ ਭਾਜਪਾ ਅਤੇ ਹੋਰ ਖੇਤਰੀ ਪਾਰਟੀਆਂ ਨੂੰ ਵੀ ਬੁਰੀ ਤਰ੍ਹਾਂ ਬਦਨਾਮ ਕੀਤਾ ਹੈ। ਭ੍ਰਿਸ਼ਟਾਚਾਰ ਦੀ ਮਹਾਂਮਾਰੀ ਕੇਵਲ ਉਤਲੇ ਗਲਿਆਰਿਆਂ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਇਸ ਨੇ ਹੇਠਾਂ ਤੱਕ ਸਮੁੱਚੇ ਰਾਜ ਪ੍ਰਬੰਧ ਆਪਣੀ ਲਪੇਟ ਵਿਚ ਲੈ ਲਿਆ ਹੈ ਅਤੇ ਇਹ ਲੋਕਾਂ ਅੰਦਰ ਇੱਕ ਭਖਦਾ ਮੁੱਦਾ ਬਣ ਗਿਆ ਹੈ। ਸਰਕਾਰਾਂ ਵੱਲੋਂ ਲੋਕਾਂ ਦੇ ਬੁਨਿਆਦੀ ਮੁੱਦਿਆਂ ਨੂੰ ਹੱਲ ਨਾ ਕਰ ਸਕਣ ਕਾਰਨ ਉਨ੍ਹਾਂ ਅੰਦਰ ਪਹਿਲਾਂ ਹੀ ਰੋਸ ਅਤੇ ਬੇਚੈਨੀ ਪਾਈ ਜਾਂਦੀ ਹੈ ਅਤੇ ਭ੍ਰਿਸ਼ਟਾਚਾਰ ਦੇ ਮੁੱਦੇ ਨੇ ਇਸ ਨੂੰ ਹੋਰ ਚੁਆਤੀ ਲਾ ਦਿੱਤੀ ਹੈ। ਏਹੀ ਕਾਰਨ ਹੈ ਕਿ ਪਿਛਲੇ ਚਾਰ ਦਹਾਕਿਆਂ ਤੋਂ ਠੰਡੇ ਬਸਤੇ ਵਿਚ ਪਏ ਲੋਕਪਾਲ ਬਿੱਲ ਦੇ ਮੁੱਦੇ ਨੇ ਤੂਲ ਫੜੀ ਹੈ ਅਤੇ ਇਸ ਮੁੱਦੇ 'ਤੇ ਅੰਨਾ ਹਜ਼ਾਰੇ ਦੀ ਟੀਮ ਨੂੰ ਵਿਆਪਕ ਹੁੰਗਾਰਾ ਮਿਲਿਆ ਹੈ। ਕਾਂਗਰਸ ਦੀ ਯੂ. ਪੀ. ਏ. ਸਰਕਾਰ ਵੱਲੋਂ ਅੰਨਾ ਹਜ਼ਾਰੇ ਟੀਮ ਨੂੰ ਬਦਨਾਮ ਕਰਨ ਲਈ ਚਲਾਈ ਮੁਹਿੰਮ ਬੁਰੀ ਤਰ੍ਹਾਂ ਫਲਾਪ ਹੋਈ ਹੈ ਅਤੇ ਕੇਂਦਰ ਸਰਕਾਰ ਨੂੰ ਅੰਨਾ ਹਜ਼ਾਰੇ ਟੀਮ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਅੱਗੇ ਝੁਕਣਾ ਪਿਆ ਹੈ। ਸਰਕਾਰ ਨੂੰ ਪ੍ਰਧਾਨ ਮੰਤਰੀ ਨੂੰ ਲੋਕ ਪਾਲ ਵਿਚ ਘੇਰੇ ਵਿਚ ਲਿਆਉਣ, ਕੇਂਦਰ ਵਿਚ ਲੋਕਪਾਲ ਬਣਾਉਣ, ਰਾਜਾਂ ਵਿਚ ਲੋਕਅਯੁਕਤਾਂ ਨੂੰ ਕਾਇਮ ਕਰਨ, ਸ਼ਹਿਰੀ ਚਾਰਟਰ ਬਨਾਉਣ ਆਦਿ ਮੰਗਾਂ ਮੰਨਣ ਲਈ ਵਾਅਦਾ ਕਰਨਾ ਪਿਆ ਹੈ। ਇਥੋਂ ਤੱਕ ਕਿ ਲੋਕਪਾਲ ਬਿੱਲ ਦਾ ਮਸੌਦਾ ਤਿਆਰ ਕਰਨ ਲਈ ਸਰਕਾਰ ਨੂੰ ਅੰਨਾ ਹਜ਼ਾਰੇ ਟੀਮ ਨਾਲ ਸਾਂਝੀ ਕਮੇਟੀ ਕਾਇਮ ਕਰਨ ਲਈ ਮਜਬੂਰ ਹੋਣਾ ਪਿਆ ਅਤੇ ਅਗਸਤ 2011 ਵਿਚ ਲੋਕਪਾਲ ਬਿੱਲ ਦਾ ਖਰੜਾ ਵੀ ਤਿਆਰ ਕਰਨਾ ਪਿਆ ਤੇ ਇਸ ਬਿੱਲ ਨੂੰ ਸਰਦ ਰੁੱਤ ਦੇ ਲੋਕ ਸਭਾ ਸੈਸ਼ਨ ਵਿਚ ਪਾਸ ਕਰਨਾ ਮੰਨਣਾ ਪਿਆ। ਪਰ ਇਸ ਤੋਂ ਬਾਅਦ ਕਾਂਗਰਸ ਦੀ ਯੂ.ਪੀ. ਏ. ਸਰਕਾਰ ਨੇ ਅੰਨਾਹਜ਼ਾਰੇ ਟੀਮ ਵਿਰੁੱਧ ਭੰਡੀ ਪਰਚਾਰ ਬੰਦ ਨਹੀਂ ਕੀਤਾ ਸਗੋਂ ਇਸ ਨੂੰ ਹੋਰ ਜੋਰਸ਼ੋਰ ਨਾਲ ਜਾਰੀ ਰੱਖਿਆ।

ਪਰ ਜਦੋਂ ਅੰਨਾ ਹਜ਼ਾਰੇ ਟੀਮ ਨੇ ਲੋਕਪਾਲ ਅਤੇ ਲੋਕਅਯੁਕਤਾਂ ਬਿੱਲ ਪਾਸ ਨਾ ਹੋਣ ਦੀ ਹਾਲਤ ਵਿਚ ਪੰਜ ਰਾਜਾਂ ਵਿਚ ਅਸੈਂਬਲੀ ਚੋਣਾਂ ਸਮੇਂ ਕਾਂਗਰਸ ਪਾਰਟੀ ਵਿਰੁੱਧ ਪਰਚਾਰ ਕਰਨ ਦਾ ਐਲਾਨ ਕਰ ਦਿੱਤਾ ਤਾਂ ਇਸ ਦਬਾਅ ਅਧੀਨ ਯੂ.ਪੀ.ਏ. ਸਰਕਾਰ ਨੂੰ ਲੋਕ ਸਭਾ ਦੇ ਸਰਦ ਰੁਤ ਸੈਸ਼ਨ ਵਿਚ ਇਸ ਬਿੱਲ ਨੂੰ ਲਿਆਂਉਣ ਦੀ ਕਵਾਇਦ ਕਰਨ ਲਈ ਮਜਬੂਰ ਕਰ ਦਿੱਤਾ। ਪਰ ਯੂ.ਪੀ.ਏ. ਸਰਕਾਰ ਵੱਲੋਂ ਜੋ ਲੋਕਪਾਲ ਬਿੱਲ ਲੋਕ ਸਭਾ ਵਿਚ ਪੇਸ਼ ਅਤੇ ਪਾਸ ਕੀਤਾ ਗਿਆ ਹੈ, ਇਹ ਭ੍ਰਿਸ਼ਟਾਚਾਰ






ਵਿਰੁੱਧ ਲੜਨ ਦੀ ਭਾਵਨਾ ਨਾਲ ਇੱਕ ਭੱਦਾ ਮਜ਼ਾਕ ਹੈ ਅਤੇ ਇਹ ਬਿੱਲ ਪੂਰੀ ਤਰ੍ਹਾਂ ਸਰਕਾਰੀ ਲਗਾਮਾਂ ਨਾਲ ਨੂੜਿਆ ਹੋਇਆ ਹੈ।ਕਿਉਂਕਿ ਇਸ ਬਿੱਲ ਦੇ ਸੈਕਸ਼ਨ ( 4 ) ਵਿਚ ਦਰਜ ਹੈ ਕਿ ਇਸ ਲੋਕਪਾਲ ਦੀ ਨੌਂ ਮੈਂਬਰੀ ਕਮੇਟੀ ਦੀ ਚੋਣ ਕਰਨ ਵਾਲੀ ਪੰਜ ਮੈਂਬਰੀ ਚੋਣ ਕਮੇਟੀ ਵਿਚ ਪ੍ਰਧਾਨ ਮੰਤਰੀ, ਲੋਕ ਸਭਾ ਦਾ ਸਪੀਕਰ, ਲੋਕ ਸਭਾ ਵਿਚ ਵਿਰੋਧੀ ਧਿਰ ਦਾ ਆਗੂ, ਸੁਪਰੀਮ ਕੋਰਟ ਦਾ ਚੀਫ ਜਸਟਿਸ ਜਾਂ ਉਸ ਵੱਲੋਂ ਨਾਮਜਦ ਸੁਪਰੀਮ ਕੋਰਟ ਦਾ ਜੱਜ, ਭਾਰਤ ਦੇ ਰਾਸ਼ਟਰਪਤੀ ਵੱਲੋਂ ਨਾਮਜਦ ਇੱਕ ਕਾਨੂੰਨੀ ਮਾਹਰ ਸ਼ਾਮਲ ਹੋਣਗੇ।ਇਸ ਤਰ੍ਹਾਂ ਅਸੀਂ ਦੇਖਦੇ ਕਿ ਇਸ ਕਮੇਟੀ ਵਿਚ ਸਰਕਾਰ ਦੀ ਬਹੁਸੰਮਤੀ ਬਣਦੀ ਹੈ ਅਤੇ ਇਹ ਕਮੇਟੀ ਪੂਰੀ ਤਰ੍ਹਾਂ ਸਰਕਾਰੀ ਕੰਟਰੋਲ ਦੇ ਅਧੀਨ ਹੋਵੇਗੀ।ਇਸੇ ਤਰ੍ਹਾਂ ਜੇ ਲੋਕਪਾਲ ਕਮੇਟੀ ਦੇ ਮੈਂਬਰ ਸਰਕਾਰ ਮੁਤਾਬਕ ਨਹੀਂ ਚਲਦੇ ਤਾਂ 100 ਸੰਸਦ ਮੈਂਬਰ ਇਸ ਨੂੰ ਲਾਹੁਣ ਦਾ ਮਤਾ ਲੋਕ ਸਭਾ ਵਿਚ ਰੱਖ ਸਕਦੇ ਅਤੇ ਪਾਰਲੀਮੈਂਟ ਦੀ ਬਹੁਸੰਮਤੀ ਹੋਣ ਕਰਕੇ ਸਰਕਾਰ ਕਿਸੇ ਵੀ ਮੈਂਬਰ ਨੂੰ ਲਾਹ ਸਕਦੀ ਹੈ।ਇਸ ਤੋਂ ਇਲਾਵਾ ਇਸ ਬਿੱਲ ਵਿਚ ਕਿਹਾ ਗਿਆ ਹੈ ਕਿ ਲੋਕਪਾਲ ਕਮੇਟੀ ਬਿਨਾਂ ਕਿਸੇ ਸ਼ਕਾਇਤ ਦੇ ਸਿੱਧੇ ਕੇਸ ਨਹੀਂ ਲੈ ਸਕਦੀ।ਇਸ ਤੋਂ ਇਲਾਵਾ ਇਸ ਬਿੱਲ ਵਿਚ ਕਾਫੀ ਅੜਫੱਸ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਇਸ ਦੇ ਘੇਰੇ ਵਿਚ ਲੈ ਲਿਆ ਗਿਆ ਹੈ ਪਰ ਇਓਂ ਕਰਨ ਲਈ ਪ੍ਰਧਾਨ ਮੰਤਰੀ ਦੇ ਵਿਦੇਸ਼ੀ ਮਾਮਲਿਆਂ ਤੇ ਨਿਰਣੇ, ਪ੍ਰਮਾਣੂ ਊਰਜਾ ਅਤੇ ਦੇਸ਼ ਦੀ ਅੰਦਰਲੀ-ਬਾਹਰਲੀ ਸੁਰੱਖਿਆ ਦੇ ਮਾਮਲਿਆਂ ਨੂੰ ਲੋਕਪਾਲ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਅਜਿਹਾ ਕਰਨ ਨਾਲ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਘੇਰੇ ਵਿਚ ਲੈਣ ਦੀ ਕਾਰਵਾਈ ਨੂੰ ਇੱਕ ਰਸਮੀ ਕਾਰਵਾਈ ਬਣ ਗਈ ਹੈ।ਲੋਕਪਾਲ ਬਿੱਲ ਸੰਸਦਾ ਨੂੰ ਲਗਪਗ ਮੁਕਤ ਕਰ ਦਿੱਤਾ ਗਿਆ ਹੈ ਕਿਉਂਕਿ ਇਸ ਬਿੱਲ ਅਨੁਸਾਰ ਸੰਸਦ ਮੈਂਬਰਾਂ ਦੇ ਕਾਰਜਕਾਲ ਦੇ ਸੱਤ ਸਾਲ ਪੂਰੇ ਹੋਣ ਤੋਂ ਬਾਅਦ ਹੀ ਲੋਕਪਾਲ ਕੋਈ ਕਾਰਵਾਈ ਕਰ ਸਕਦਾ ਹੈ। ਇਸੇ ਤਰ੍ਹਾਂ ਇਹ ਬਿੱਲ ਮੁਢਲੀ ਪੁੱਛਗਿਛ ਕਰਨ ਤੱਕ ਹੀ ਅਧਿਕਾਰਤ ਹੈ ਪਰ ਇਸ ਕੋਲ ਕੇਸਾਂ ਦੀ ਜਾਂਚ ਕਰਨ ਲਈ ਕਿਸੇ ਆਜ਼ਾਦ ਸੰਸਥਾ ਬਨਾਉਣ ਦਾ ਕੋਈ ਅਧਿਕਾਰ ਨਹੀਂ ਹੈ।ਇਸ ਨੂੰ ਜਾਂਚ ਕਰਾਉਣ ਲਈ ( ਏ ) ਤੇ ( ਬੀ ) ਕੈਟੇਗਰੀ ਦੇ ਮਾਮਲੇ 'ਚ ਸੀ ਬੀ ਆਈ ਕੋਲ ਅਤੇ (ਸੀ ) ਤੇ ( ਡੀ ) ਕੈਟੇਗਰੀ ਦੇ ਕੇਸਾਂ 'ਚ ਕੇਂਦਰੀ ਵਿਜੀਲੈਂਸ ਕਮਿਸ਼ਨ ਕੋਲ ਜਾਣਾ ਪਵੇਗਾ।ਇਹ ਦੋਵੇਂ ਏਜੰਸੀਆਂ ਅੱਗੇ ਸਰਕਾਰ ਦੇ ਕੰਟਰੋਲ ਵਿਚ ਹਨ ਅਤੇ ਕੇਂਦਰ ਸਰਕਾਰ ਪਹਿਲਾਂ ਹੀ ਸੀਬੀਆਂਈ ਦੀ ਦੁਰਵਰਤੋਂ ਕਰਨ ਲਈ ਬਦਨਾਮ ਹੈ।ਭਾਵੇਂ ਸਰਕਾਰ ਨੇ ਹੁਣ ਸੀਬੀਆਂਈ ਦੇ ਡਾਇਰੈਕਟਰ ਦੀ ਚੋਣ ਦੇ ਅਧਿਕਾਰ ਇਸ ਬਿੱਲ ਵਿਚ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਲੋਕ ਸਭਾ ਆਗੂ ਅਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ 'ਤੇ ਅਧਾਰਤ ਪੈਨਲ ਨੂੰ ਦਿੱਤੇ ਗਏ ਹਨ ਪਰ ਇਸ ਕਵਾਇਦ ਨਾਲ ਕੋਈ ਬਹੁਤਾ ਫਰਕ ਨਹੀਂ ਪਵੇਗਾ।ਕਿਉਂਕਿ ਸੀਬੀਆਂਈ ਦੇ ਅਫਸਰਾਂ ਦੀਆਂ ਨਿਯੁਕਤੀਆਂ ਅਤੇ ਬਦਲੀਆਂ ਵੀ ਸਰਕਾਰ ਦੇ ਪਨਸੋਨਲ ਅਤੇ ਟਰੇਨਿੰਗ ਵਿਭਾਗ ਵੱਲੋਂ ਹੁੰਦੀਆਂ ਹਨ ਅਤੇ ਇਹ ਏਜੰਸੀ ਸਿੱਧੀ ਕੇਂਦਰੀ ਸਰਕਾਰ ਦੇ ਅਧੀਨ ਹੈ ਜਿਸ ਕਾਰਨ ਸੀਬੀਆਂਈ ਸਰਕਾਰ ਦੀ ਤਾਬਿਆਦਾਰ ਹੀ ਰਹੇਗੀ।

ਇਸ ਤੋਂ ਇਲਾਵਾ ਲੋਕਪਾਲ ਦੇ ਦਾਇਰੇ ਵਿਚ ਆਉਣ ਵਾਲੀਆਂ ਸੰਸਥਾਵਾਂ ਦਾ ਘੇਰਾ ਬਹੁਤ ਹੀ ਤੰਗ ਕਰ ਦਿੱਤਾ ਗਿਆ ਹੈ। ਨਿਆਂਪਾਲਕਾਂ, ਸੁਰੱਖਿਆ ਅਦਾਰੇ, ਕਾਰਪੋਰੇਟ ਸੈਕਟਰ, ਮੀਡੀਆ, ਐਨਜੀਓ ਆਦਿ ਅਦਾਰੇ, ਸੰਸਥਾਵਾਂ, ਖੇਤਰ ਅਤੇ ਜਥੇਬੰਦੀਆਂ ਇਸਦੇ ਕਲਾਵੇ ਵਿਚੋਂ ਬਾਹਰ ਰੱਖੀਆਂ ਗਈਆਂ ਹਨ ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਤਨੇ ਵਿਸ਼ਾਲ ਹਿੱਸਿਆਂ ਨੂੰ ਲੋਕਪਾਲ ਦੇ ਘੇਰੇ ਤੋਂ ਬਾਹਰ ਕਰਕੇ ਅਤੇ ਇਸ ਨੂੰ ਜਾਂਚ ਕਰਨ ਦੀ ਆਂਪਣੀ ਆਜ਼ਾਦ ਸੰਸਥਾ ਕਾਇਮ ਦੀ ਇਜਾਜ਼ਤ ਨਾ ਦੇ ਕੇ ਅਤੇ ਦੋਸ਼ੀ ਪਾਏ ਗਏ ਵਿਅਕਤੀਆਂ ਨੂੰ ਆਪਣੀ ਨਿਆਂਇਕ ਅਦਾਲਤ ਨਾ ਬਣਾ ਸਕਣ ਵਰਗੇ ਕਦਮਾਂ ਰਾਹੀਂ ਇਸ ਲੋਕਪਾਲ ਬਿੱਲ ਨੂੰ ਬਹੁਤ ਹੀ ਕਮਜ਼ੋਰ ਬਿੱਲ ਬਣਾ ਦਿੱਤਾ ਗਿਆ ਹੈ।

ਇਸ ਤੋਂ ਵੀ ਅੱਗੇ ਨਾ ਕਾਂਗਰਸ ਦੀ ਯੂ.ਪੀ.ਏ. ਸਰਕਾਰ ਅਤੇ ਨਾ ਹੀ ਭਾਜਪਾ ਦੀ ਐਨਡੀਏ ਇਸ ਬਿੱਲ ਨੂੰ ਪਾਸ ਕਰਨ ਲਈ ਸੰਜੀਦਾ ਸਨ। ਇਸੇ ਕਰਕੇ ਕਾਂਗਰਸ ਨੇ ਜਾਣ ਬੁਝ ਕੇ ਬਖੇੜਾ ਖੜ੍ਹਾ ਕਰਨ ਲਈ ਲੋਕਪਾਲ ਬਿੱਲ ਦੇ ਨਾਲ ਲੋਅਯੁਕਤਾਂ ਨੂੰ ਵੀ ਜੋੜ ਦਿੱਤਾ ਤਾਂ ਜੋ ਇਸ ਉੱਪਰ ਸੰਸਦ ਵਿਚ ਸਹਿਮਤੀ ਨਾ ਹੋ ਸਕੇ।ਅਜਿਹਾ ਕਰਨ ਲਈ ਇਸ ਨੇ ਇਸ ਬਿੱਲ ਨੂੰ ਸੰਵਿਧਾਨ ਦੀ ਧਾਰਾ 253 ਅਧੀਨ ਪੇਸ਼ ਕੀਤਾ ਜਿਸ ਦਾ ਇਹ ਅਰਥ ਇਹ ਬਣਦਾ ਹੈ ਕਿ ਇਸ ਬਿੱਲ ਨੂੰ ਸੰਵਿਧਾਨਕ ਦਰਜਾ ਮਿਲਣ ਨਾਲ ਇਹ ਰਾਜਾਂ ਨੂੰ ਲਾਗੂ ਕਰਨਾ ਵੀ ਲਾਜ਼ਮੀ ਹੋ ਜਾਵੇਗਾ। ਹਲਾਂਕਿ ਇਸ ਨੂੰ ਸੰਵਿਧਾਨ ਦੀ 252 ਧਾਰਾ ਅਧੀਨ ਵੀ ਪੇਸ਼ ਕੀਤਾ ਜਾ ਸਕਦਾ ਸੀ ਜਿਸ ਤਹਿਤ ਇਹ ਰਾਜ ਸਰਕਾਰਾਂ ਲਈ ਲਾਗੂ ਕਰਨਾ ਉਨ੍ਹਾਂ ਦੀ ਮਰਜੀ 'ਤੇ ਨਿਰਭਰ ਕਰਦਾ ਹੋਣਾ ਸੀ। ਰਾਜ ਸਰਕਾਰਾਂ ਇਹਨਾਂ

ਲੋਕਅਯੁਕਤਾਂ ਨੂੰ ਲਾਗੂ ਕਰਨ ਲਈ ਪਹਿਲਾਂ ਹੀ ਤਿਆਰ ਨਹੀਂ ਸਨ। ਉਦਾਹਰਨ ਲਈ ਗੁਜਰਾਤ ਦੀ ਮੋਦੀ ਸਰਕਾਰ ਨੇ ਹਾਈ ਕੋਰਟ ਦੀ ਹਦਾਇਤ ਦੇ ਬਾਵਜੂਦ ਗੁਜਰਾਤ ਵਿਚ ਲੋਕਅਯੁਕਤ ਦਾ ਗਠਨ ਨਹੀਂ ਕੀਤਾ ਕਿਉਂਕਿ ਉਹ ਚਾਹੁੰਦਾ ਸੀ ਕਿ ਇਸ ਦੀ ਚੋਣ ਉਸ ਦੀ ਮਨਮਰਜੀ ਨਾਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਕਰਨਾਟਕ ਦੀ ਯੈਡੂਰੱਪਾ ਸਰਕਾਰ ਦਾ ਲੋਕਅਯੁਕਤ ਕਾਰਨ ਜੋ ਹਸ਼ਰ ਹੋਇਆ ਹੈ, ਇਸ ਤੋਂ ਵੀ ਰਾਜ ਸਰਕਾਰਾਂ ਬੁਰੀ ਤਰ੍ਹਾਂ ਭੈਭੀਤ ਸਨ। ਕਾਂਗਰਸ ਨੂੰ ਇਹ ਭਲੀਭਾਂਤ ਪਤਾ ਸੀ ਕਿ ਉਸ ਦੀਆਂ ਵਿਰੋਧੀ ਅਤੇ ਭਾਈਵਾਲ ਪਾਰਟੀਆਂ ਵੀ ਉਸ ਵੱਲੋਂ ਪੇਸ਼ ਕੀਤੇ ਲੋਕਅਯੁਕਤ ਦਾ ਦੇਸ਼ ਦੇ ਫੈਡਰਲ ਢਾਂਚੇ ਉੱਪਰ ਇੱਕ ਹਮਲਾ ਕਹਿ ਕੇ ਵਿਰੋਧ ਕਰਨਗੀਆਂ। ਅਸਲ ਵਿੱਚ ਸੀਪੀ ( ਐਮ ) ਦੀ ਇਸ ਟਿੱਪਣੀ ਅਨੁਸਾਰ ਕਾਂਗਰਸ ਦੀ ਯੂਪੀਏ ਸਰਕਾਰ ਅਤੇ ਐਨਡੀਏ ਵਿਚਕਾਰ ਪਹਿਲਾਂ ਹੀ ਲੋਕਪਾਲ ਅਤੇ ਲੋਕਅਯੁਕਤਾਂ ਬਿੱਲ ਪਾਸ ਨਾ ਹੋਣ ਦੇਣ ਲਈ 'ਮੈਚ ਫਿਕਸ' ਹੋ ਚੁੱਕਾ ਸੀ। ਗੱਲ ਇਥੇ ਹੀ ਨਹੀਂ ਮੁੱਕ ਜਾਂਦੀ, ਅਸਲ 'ਚ ਲੋਕ ਸਭਾ ਦਾ ਕੋਈ ਵੀ ਸੰਸਦ ਮੈਂਬਰ ਲੋਕਪਾਲ ਅਤੇ ਲੋਕਅਯੁਕਤਾਂ ਬਿੱਲ ਉਕਾ ਹੀ ਪਾਸ ਕਰਨ ਦੇ ਹੱਕ ਵਿਚ ਨਹੀਂ ਸੀ। ਇਹ ਤੱਥ ਇਸ ਗੱਲ ਵਿਚੋਂ ਵੀ ਸਪਸ਼ਟ ਹੁੰਦਾ ਹੈ ਕਿ ਕਾਂਗਰਸ ਵੱਲੋਂ ਵਿੱਪ ਜਾਰੀ ਕਰਨ ਦੇ ਬਾਵਜੂਦ ਇਸ ਦੇ ਇੱਕ ਦੋ ਨਹੀਂ ਸਗੋਂ 13 ਮੈਂਬਰ ਲੋਕ ਸਭਾ ਵਿਚ ਹਾਜਰ ਨਹੀਂ ਸਨ। ਗੱਲ ਇਤਨੀ ਹੀ ਨਹੀਂ ਸੀ, ਕਈ ਸੰਸਦ ਮੈਂਬਰ ਤਾਂ ਲੋਕ ਸਭਾ ਵਿਚ ਇਸ ਬਿੱਲ ਲਈ ਵਿੱਪ ਜਾਰੀ ਕਰਨ ਦੇ ਫੈਸਲੇ ਵਿਰੁੱਧ ਮੁਹਿੰਮ ਵੀ ਚਲਾ ਰਹੇ ਸਨ। ਬੀਜੂ ਜਨਤਾ ਦਲ ਦੇ ਜੈਨ ਪਾਂਡੀ ਨੇ ਤਾਂ ਇਸ ਹੱਦ ਤੱਕ ਮੁਹਿੰਮ ਚਲਾਈ ਕਿ ਉਹ ਕਹਿ ਰਿਹਾ ਸੀ ਕਿ ਸਰਕਾਰ ਵਿਰੁੱਧ ਭਰੋਸੇ ਦੇ ਮੱਤ ਨੂੰ ਛੱਡ ਕੇ ਸੰਸਦ ਮੈਂਬਰਾਂ ਨੂੰ ਇਹ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਲੋਕ ਸਭਾ ਵਿੱਚ ਵੋਟ ਪਾਉਣ ਦੀ ਖੁਲ੍ਹ ਹੋਣੀ ਚਾਹੀਦੀ ਹੈ। ਦਸੰਬਰ 27 ਨੂੰ ਜੋ ਹਾਲਾਤ ਲੋਕ ਸਭਾਂ ਵਿਚ ਬਣੇ ਹੋਏ ਸਨ, ਉਸ ਤੋਂ ਇਹ ਗੱਲ ਪ੍ਰਤੱਖ ਸੀ ਕਿ ਜੇਕਰ ਲੋਕ ਸਭਾ ਵਿਚ ਸੰਸਦ ਮੈਂਬਰਾਂ ਨੇ ਲੋਕਪਾਲ ਅਤੇ ਲੋਕਅਯੁਕਤ ਬਿੱਲ ਸਬੰਧੀ ਵੋਟ ਆਪਣੀ ਅੰਤਰ ਆਤਮਾ ਮੁਤਾਬਿਕ ਵੋਟ ਪਾਉਣੀ ਹੁੰਦੀ ਤਾਂ ਸਾਂਸਦਾਂ ਦਾ ਬਹੁਤ ਵੱਡਾ ਹਿੱਸਾ ਇਸ ਬਿੱਲ ਦੇ ਉਲਟ ਭੁਗਤਦਾ। ਇਸ ਗੱਲ ਦੀ ਪੁਸ਼ਟੀ ਇਸ ਗੱਲ ਵਿਚੋਂ ਵੀ ਹੁੰਦੀ ਹੈ ਕਿ ਜਦੋਂ ਲਾਲੂ ਪ੍ਰਸਾਦ ਨੇ ਲੋਕ ਸਭਾ ਅੰਦਰ ਅੰਨਾ ਹਜ਼ਾਰੇ ਨੂੰ ਛੁਟਿਆਉਣ ਲਈ ਟਿੱਪਣੀਆਂ ਕੀਤੀਆਂ ਅਤੇ ਨਾਲ ਹੀ ਕਿਹਾ ਕਿ ਇਹ ਲੋਕਪਾਲ ਅਤੇ ਲੋਕਅਯੁਕਤਾਂ ਬਿੱਲ ਸਾਡੇ ਗਲ ਵਿਚ ਇੱਕ ਫੰਦੇ ਵਾਂਗ ਹੈ ਅਤੇ ਤਾਂ ਉਸ ਦੇ ਇਸ ਭਾਸ਼ਨ 'ਤੇ ਸਾਰੇ ਸਾਂਸਦਾਂ ਨੇ ਡੈਸਕਾਂ ਨੂੰ ਥਪ ਥਪਾ ਕੇ ਉਸ ਦੀ ਵਾਹਵਾਹ ਕੀਤੀ ।ਮੁਕਦੀ ਗੱਲ ਇਹ ਹੈ ਕਿ ਲੋਕਪਾਲ ਅਤੇ ਲੋਕਅਯੁਕਤ ਬਿੱਲ ਨੂੰ ਵਾਰ ਵਾਰ ਸੋਧਣ, ਇਸ ਨੂੰ ਵਾਰ ਵਾਰ ਛਾਂਗਣ ਅਤੇ ਇਸ ਦਾ ਵਾਰ ਵਾਰ ਚੀਰ ਹਰਨ ਕਰਨ ਦੇ ਬਾਵਜੂਦ ਇਹ ਪਾਸ ਨਹੀਂ ਹੋ ਸਕਿਆ। ਇਸ ਦਾ ਇਕੋ ਇੱਕ ਕਾਰਨ ਇਹ ਹੈ ਕਿ ਸਾਡੇ ਸਿਆਸੀ ਨੇਤਾਵਾਂ ਵਿਚ ਇਤਨੀ ਇੱਛਾ ਸ਼ਕਤੀ ਹੀ ਨਹੀਂ ਹੈ ਕਿ ਉਹ ਭ੍ਰਿਸ਼ਟਾਚਾਰ ਵਿਰੁੱਧ ਲੜਨ ਸਕਣ ਕਿਉਂਕਿ ਜਿਸ ਪ੍ਰਬੰਧ ਵਿਚੋਂ ਭ੍ਰਿਸ਼ਟਾਚਾਰ ਪੈਦਾ ਹੋ ਰਿਹਾ ਹੈ, ਉਸ ਦੀ ਜਨਮ ਇਹ ਮੌਜੂਦਾ ਪ੍ਰਬੰਧ ਹੀ ਹੈ ਅਤੇ ਅੱਗੇ ਇਸ ਪ੍ਰਬੰਧ ਨੂੰ ਪੈਦਾ ਕਰਨ ਦੇ ਜਿੰਮੇਂਵਾਰ ਵੀ ਸਾਡੇ ਆਗੂ ਹੀ ਹਨ ਅਤੇ ਉਹ ਖੁਦ ਭ੍ਰਿਸ਼ਟ ਢੰਗ ਤਰੀਕੇ ਵਰਤ ਕੇ ਹੀ ਸੱਤਾ ਦੀ ਕੁਰਸੀ 'ਤੇ ਪਹੁੰਚਦੇ ਹਨ। ਇਸ ਕਰਕੇ ਭ੍ਰਿਸ਼ਟਾਚਾਰ ਨੂੰ ਖ਼ਤਮ ਦੀ ਜਿੰਮੇਵਾਰੀ ਹੁਣ ਚੇਤੰਨ ਲੋਕਾਂ ਦੀ ਰਹਿ ਗਈ ਹੈ। ਜਿਨ੍ਹਾਂ ਨੂੰ ਇਸ ਗੱਲ ਦੀ ਸਮਝਦਾਰੀ ਹੋਵੇਗੀ ਕਿ ਪੂੰਜੀਵਾਦ ਦਾ ਇਕ ਭਿਆਨਕ ਰੂਪ ਭ੍ਰਿਸ਼ਟਾਚਾਰ ਹੈ ਕਿਉਂਕਿ ਪੂੰਜੀਵਾਦ ਦੇ ਚਲਣ ਢੰਗ ਵਿਚ ਜਿਸ ਕਿਸਮ ਨਾਲ ਗਲਤ ਵਰਤਾਰੇ ਸ਼ਾਮਲ ਹੁੰਦੇ ਹਨ ਅਤੇ ਗੈਰ ਬਰਾਬਰਤਾ ਵਾਲੀਆਂ ਸਾਰੀਆਂ ਪ੍ਰਵਿਰਤੀਆਂ ਸ਼ਾਮਲ ਹੁੰਦੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਲਈ ਇਕ ਬਦਲਵੇਂ ਸਮੂਹਿਕ ਕਿਸਮ ਦੇ ਸਮਾਜ ਦੀ ਸਿਰਜਨਾ ਦੀ ਜ਼ਰੂਰਤ ਹੁੰਦੀ ਹੈ। ਇਸ ਜ਼ਰੂਰਤ ਦੀ ਪੂਰਤੀ ਲਈ ਅਜੋਕੇ ਪੂੰਜੀਵਾਦੀ ਪ੍ਰਬੰਧ ਨੂੰ ਸਮਝਣਾ ਅਤੇ ਉਸ ਵਿਚ ਇਕ ਬੁਨਿਆਦੀ ਤਬਦੀਲੀ ਵਲ ਜਨਤਾ ਨੂੰ ਪ੍ਰੇਰਿਤ ਕਰਨਾ ਹੀ ਤੱਤ ਰੂਪ ਵਿਚ ਕੁਰੱਪਸ਼ਨ ਦੇ ਸਵਾਲ ਨੂੰ ਹੱਲ ਕਰਨਾ ਹੈ।

## ਸਰੋਕਾਰਾਂ ਦੀ ਆਵਾਜ਼ ਅਪੀਲ ਨੂੰ ਪਾਠਕਾਂ ਨਾਲ ਸਾਂਝੀ ਕਰਨ ਹਿੱਤ ਅਤੇ ਆਪਣਾ ਯੋਗਦਾਨ ਪਾਉਣ ਲਈ ਵਚਨਬੱਧ ਹੈ

ਦੋਸਤੋ! ਦੇਸ਼ ਭਗਤ ਯਾਦਗਾਰ ਕਮੇਟੀ ਕੋਲ ਪੁਰਾਣੇ ਦੇਸ਼ ਭਗਤਾਂ, ਗ਼ਦਰੀਆਂ, ਬੱਬਰਾਂ ਦੀਆਂ ਕੁਝ ਲਿਖੀਆਂ ਚਿਠੀਆਂ ਅਤੇ ਖ਼ਤ ਹਨ।ਸਾਡੀ ਇੱਛਾ ਹੈ ਕਿ ਇਹਨਾਂ ਚਿੱਠੀਆਂ ਨੂੰ ਸੰਪਾਦਤ ਕਰਕੇ ਪੁਸਤਕ ਰੂਪ ਵਿਚ ਛਾਪ ਦਿੱਤਾ ਜਾਵੇ।ਸਾਡੀ ਬੇਨਤੀ ਹੈ ਕਿ ਤੁਹਾਡੇ ਪਰਿਵਾਰ ਕੋਲ ਜਾਂ ਤੁਹਾਡੇ ਕਿਸੇ ਜਾਣਕਾਰ ਦੇ ਪਰਿਵਾਰ ਕੋਲ ਕਿਸੇ ਪੁਰਾਣੇ ਦੇਸ਼ ਭਗਤ ਦੀ ਕੋਈ ਹੱਥ ਲਿਖਤ ਚਿੱਠੀ ਜਾਂ ਖ਼ਤ ਪਈ/ਪਿਆ ਹੋਵੇ ਤਾਂ ਉਸਦਾ ਉਤਾਰਾ ਮੈਨੂੰ ਜਾਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪਤੇ 'ਤੇ ਭੇਜਣ ਦੀ ਖ਼ੇਚਲ ਕੀਤੀ ਜਾਵੇ.ਅੱਜ ਹੀ ਮੈਂ ਪ੍ਰਸਿੱਧ ਗ਼ਦਰੀ ਦੇਸ਼ ਭਗਤ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀਆਂ ਉਰਦੂ ਵਿਚ ਲਿਖੀਆਂ ਕੁਝ ਚਿੱਠੀਆਂ ਪੜ੍ਹੀਆਂ। ਇਹ ਚਿੱਠੀਆਂ ਉਹਨਾਂ ਨੇ ਉਸ ਵੇਲੇ ਦੇ ਕਮੇਟੀ ਦੇ ਸਕੱਤਰ (ਕਾਮਰੇਡ ਗੁਰਚਰਨ ਸਿੰਘ ਸਹਿੰਸਰਾ) ਨੂੰ ਲਿਖੀਆਂ ਸਨ, ਜੋ ਬਾਬਾ ਜੀ ਤੋਂ ਗ਼ਦਰ ਪਾਰਟੀ ਦਾ ਇਤਹਾਸ ਲਿਖਣ ਲਈ ਜਾਣਕਾਰੀ ਮੰਗ ਰਿਹਾ ਸੀ।ਇਹਨਾਂ ਚਿੱਠੀਆਂ ਵਿਚੋਂ ਇਕ ਵਿਚ ਬਾਬਾ ਜੀ ਨੇ ਲਿਖਿਆ ਸੀ ਕਿ ਉਹ ਸਹਿੰਸਰਾ ਜੀ ਨੂੰ ਇਸ ਕਰਕੇ ਛੇਤੀ ਜਵਾਬ ਨਾ ਦੇ ਸਕੇ ਕਿਉਂਕਿ ਉਹਨਾਂ ਕੋਲ ਪਿਛਲੇ ਦਿਨੀ ਰੋਟੀ ਖਾਣ ਲਈ ਵੀ ਪੈਸੇ ਨਾ ਹੋਣ ਕਰਕੇ ਸਰੀਰ ਦੀ ਕਮਜ਼ੋਰੀ ਤਫ਼ਸੀਲ ਨਾਲ ਜਵਾਬ ਦੇਣ ਵਿਚ ਅੜਿਕਾ ਬਣ ਰਹੀ ਸੀ. ਫਿਰ ਉਹਨਾਂ ਨੇ ਗ਼ਦਰ ਪਰਚੇ ਦੇ ਛਪਣ ਵਾਲੇ ਦਿਨਾਂ ਬਾਰੇ ਵਿਸਥਾਰ ਦਿੱਤਾ ਹੈ. ਇਹ ਚਿਠੀਆਂ ਜਿੱਥੇ ਜਿਉਂਦੇ ਇਤਿਹਾਸ ਦੀਆਂ ਗਵਾਹ ਹਨ ਓਥੇ ਮੈਨੂੰ ਇਹ ਪੜ੍ਹ ਕੇ ਬੜਾ ਦੁੱਖ ਹੋਇਆ ਕਿ ਬਾਬੇ ਟੁੰਡੀਲਾਟ ਵਰਗੇ ਸੂਰਮੇ ਜਿਹੜੇ ਦੇਸ਼ ਲਈ ਕੁਰਬਾਨ ਹੋਏ ਉਹਨਾਂ ਨੂੰ ਉਸ ਦੇਸ਼ ਵਿਚ ਦੋ ਡੰਗ ਦੀ ਰੋਟੀ ਵੀ ਨਸੀਬ ਹੋਣੀ ਕਿੰਨੀ ਮੁਸ਼ਕਲ ਸੀ. ਇਹ ਤੇ ਇਹੋ ਜਿਹੀਆਂ ਚਿੱਠੀਆਂ ਇਤਿਹਾਸ ਦਾ ਨਵਾਂ ਝਰੋਖਾ ਖੋਲ੍ਹ ਸਕਦੀਆਂ ਹਨ. ਆਓ ! ਸਾਡੀ ਇਸ ਮੁਹਿੰਮ ਵਿਚ ਸਾਡੀ ਮਦਦ ਕਰੋ।

**ਵਰਿਆਮ ਸਿੰਘ ਸੰਧੂ**

**ਟਰੱਸਟੀ,ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ**

# ਪੰਜਾਬ ਦੇ ਆਰ-ਪਾਰ ਦੀ ਦ੍ਰਿਸ਼ਟੀ ਦੇ ਕੁਝ ਮਸਲੇ

ਬਹੁਤ ਘੱਟ ਸਾਹਿਤਕਾਰ ਨੇ ਜਿਨ੍ਹਾਂ ਦੀ ਕਲਮ ਵਿਚ ਸਹਿਤ ਖੇਤਰ ਦੇ ਨਾਵਲ ਅਤੇ ਕਹਾਣੀਆਂ ਤੋਂ ਬਾਹਰ ਰਾਜਨੀਤਕ ਮਸਲਿਆਂ ਪ੍ਰਤੀ ਸਮਝਦਾਰੀ ਰੱਖਣ ਅਤੇ ਪੇਸ਼ ਕਰਨ ਦਾ ਬਲ ਹੋਵੇ ਪ੍ਰੰਤੂ ਜਸਵੰਤ ਕੰਵਲ ਅਜਿਹੀ ਲੇਖਣੀ ਦੇ ਮਾਲਕ ਨੇ ਜਿਨ੍ਹਾਂ ਦੀ ਕਲਮ ਵਿਚ ਇਕ ਅਜਿਹੀ ਸਪਿਰਟ ਹੈ ਜਿਹੜੀ ਸਮੇਂ ਦੀਆਂ ਸਥਿਤੀਆਂ ਪ੍ਰਤੀ ਆਪਣੇ ਸ਼ਬਦ ਬੜੀ ਜਾਨਦਾਰ ਢੰਗ ਨਾਲ ਪੇਸ਼ ਕਰਦੀ ਹੈ। ਜਸਵੰਤ ਕੰਵਲ ਦੀ ਰਾਜਨੀਤਕ ਸੋਝੀ ਵਿਚ ਕਈ ਕਿਸਮ ਦੇ ਅਜਿਹੇ ਵਿਰੋਧਾਭਾਸ ਸਮੋਏ ਹੋਏ ਹਨ ਜਿਹੜੇ ਲਗਾਤਾਰ ਉਨ੍ਹਾਂ ਦੀ ਦ੍ਰਿਸ਼ਟੀ ਪ੍ਰਤੀ ਕਿੰਤੂ ਪ੍ਰੰਤੂ ਕਰਨ ਦਾ ਆਧਾਰ ਮੁਹੱਈਆ ਕਰਦੇ ਹਨ। ਜਿਵੇਂ ਪਰਵਾਸੀ ਮਜ਼ਦੂਰਾਂ ਬਾਰੇ ਉਨ੍ਹਾਂ ਦੀ ਸਮਝਦਾਰੀ ਅਤੇ ਸਮੇਂ-ਸਮੇਂ 'ਤੇ ਪੰਜਾਬ ਵਿਚ ਉਠੀਆਂ ਲਹਿਰਾਂ ਪ੍ਰਤੀ ਉਲਾਰ ਪ੍ਰਵਿਰਤੀ ਦਾ ਮੁਜ਼ਾਹਰਾ ਹੋਇਆ ਹੈ। ਜਿਸ ਕਰਕੇ ਜਸਵੰਤ ਕੰਵਲ ਦੀ ਲੇਖਣੀ ਉਪਰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਟਿੱਪਣੀ ਕੀਤੀ ਜਾ ਸਕਦੀ ਹੈ ਪ੍ਰੰਤੂ ਜਿਸ ਕਿਸਮ ਨਾਲ ਉਹ ਪੰਜਾਬ ਦੇ ਅੰਦਰੂਨੀ ਆਰਥਿਕ, ਧਾਰਮਿਕ, ਸਭਿਆਚਾਰਕ ਅਤੇ ਸਾਹਿਤਕ ਪਹਿਲੂਆਂ ਨੂੰ ਪੰਜਾਬ ਦੀ ਹੋਣੀ ਤੇ ਅਣਹੋਣੀ ਨਾਲ ਜੋੜ ਕੇ ਪੇਸ਼ ਕਰਦੇ ਹਨ ਉਸ ਉਪਰ ਉਨ੍ਹਾਂ ਨੂੰ ਦਾਤ ਦੇਣੀ ਬਣਦੀ ਹੈ। ਉਨ੍ਹਾਂ ਦੀਆਂ ਛਪਕੇ ਆਈਆਂ ਦੋ ਕਿਤਾਬਾਂ "ਪੰਜਾਬ! ਤੇਰਾ ਕੀ ਬਣੂੰ ?" ਅਤੇ "ਰੁੜ ਚੱਲਿਆ ਪੰਜਾਬ" ਅਜਿਹੀਆਂ ਪੁਸਤਕਾਂ ਹਨ ਜਿਨ੍ਹਾਂ ਵਿਚਲੇ ਰਾਜਨੀਤਕ ਪਹਿਲੂਆਂ ਉਪਰ ਇਕ ਵੱਖਰੀ ਟਿੱਪਣੀ ਕੀਤੀ ਜਾ ਸਕਦੀ ਹੈ ਪ੍ਰੰਤੂ ਇਥੇ ਸਿਰਫ ਉਨ੍ਹਾਂ ਵਲੋਂ ਜਿਸ ਕਿਸਮ ਨਾਲ ਪੰਜਾਬ ਦੇ ਅੰਦਰ ਦੀ ਸਥਿਤੀ ਜੋ ਵੱਖ ਵੱਖ ਰਾਜਨੀਤਕ ਧਿਰਾਂ ਅਤੇ ਸਰਮਾਏ ਦੀ ਲਲਕ ਵਿਚ ਆਏ ਵੱਖ ਵੱਖ ਹਿੱਸਿਆਂ ਰਾਹੀਂ ਉਤਪਤ ਹੋਈ ਹੈ ਉਸ ਉਪਰ ਉਨ੍ਹਾਂ ਦੀ ਕਲਮ ਇਕ ਲਗਾਤਾਰਤਾ ਦੇ ਰੂਪ ਵਿਚ ਪੰਜਾਬ ਦੀ ਸਮੁੱਚੀ ਤਸਵੀਰ ਨੂੰ ਬਾਖੂਬੀ ਨਾਲ ਨਸ਼ਰ ਕਰਦੀ ਹੈ। ਉਨ੍ਹਾਂ ਦੇ ਹਰੇਕ ਸ਼ਬਦ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਪੰਜਾਬ ਦੀ ਤਰਾਸਦੀ ਨਜ਼ਰ ਆਉਂਦੀ ਹੈ। ਉਨ੍ਹਾਂ ਦੇ ਇਹ ਸਬਦ ਮਨੁੱਖ ਘਟਨਾਵਾਂ ਮਾਰਿਆ ਖਤਮ ਹੋ ਜਾਂਦਾ ਹੈ ਪਰ ਸੱਚ

## ਸੰਤ ਲਾਣੇ ਦੀਆਂ ਭਾਰਾਂ

- ਜ.ਸ. ਕੰਵਲ

ਸੋ ਪੰਜਾਬੀ ਪਿਆਰਿਓ! ਦੁਨੀਆ ਲੁੱਟੀਏ ਮੱਕਰ ਸੇ, ਰੋਟੀ ਖਾਈਏ ਸ਼ੱਕਰ ਸੇ। ਤੁਹਾਨੂੰ ਲੁੱਟਣ ਲਈ ਵੰਨ ਵੰਨ ਦੇ ਠੱਗਾਂ ਬੌਰਾਂ ਲਾ ਛੱਡੀਆਂ ਹਨ। ਰੱਬ ਦਾ ਅੰਨਾ ਵਿਸ਼ਵਾਸ ਤੁਹਾਨੂੰ ਪਾਖੰਡੀਆਂ ਦੇ ਪੈਰੀਂ ਲਿਆ ਪਾਉਂਦਾ ਹੈ। ਖੋਟੇ ਕਰਮਾਂ ਦੇ ਡਰ ਦੇ ਦੇ ਕੇ ਇਹ ਸਿਰੇ ਦਾ ਚਾਲਾਕ ਸਾਧ ਲਾਣਾ, ਨਾਮ ਦਾਨ ਦੇ ਭੁਲੇਖੇ ਦੇ ਕੇ ਬੁਰੀ ਤਰ੍ਹਾਂ ਲੁੱਟੀ ਖਾਈ ਜਾ ਰਿਹਾ ਏ। ਸਮਝੋ, ਮੌਤ ਦੇ ਅਣਦੇਖੇ ਜਮ੍ਹਾਂ ਨਾਲੋਂ ਤੁਹਾਡਾ ਮਿਹਨਤੀ ਲਹੂ ਚੂਸਣ ਨਹੀਂ, ਘੁੱਟੀਂ ਪੀਣ ਵਾਲੇ ਇਹ ਸਾਧ ਭੁੱਖੇ ਰਾਖਸ਼ ਹਨ। ਜਦੋਂ ਕੋਈ ਸਾਧਾਂ ਦੇ ਪਾਖੰਡ ਨੰਗੇ ਕਰਦਾ ਹੈ; ਤਦ ਸੁਖਮਨੀ ਸਾਹਿਬ ਦੀ 'ਸੰਤ ਕੀ ਮਹਿਮਾ' ਪਰਥਾਏ ਪੌੜੀ ਬੋਲਣੀ ਸ਼ੁਰੂ ਕਰ ਦਿੰਦੇ ਹਨ। ਆਪਣੇ ਐਬ ਤੇ ਪਾਖੰਡ ਲੁਕਾਣ ਲਈ ਗੁਰਬਾਣੀ ਦੀ ਢਾਲ ਅੱਗੇ ਲਿਆ ਢਾਹੁੰਦੇ ਐ। ਗੁਰੂ ਦਾ ਨਾਮ ਦਾਨ ਦਿੰਦੇ ਇਹ ਸੰਤ ਠੱਗ, ਤੁਹਾਡੀਆਂ ਜੇਬਾਂ ਪਾੜਦੇ ਐ। ਹਾੜ ਸਿਆਲ ਦੀਆਂ ਕਰੜੀਆਂ ਮਿਹਨਤਾਂ ਲੁੱਟਦੇ ਐ ਤੇ ਤੁਹਾਨੂੰ ਖੁਦਕਸ਼ੀਆਂ ਦੇ ਰਾਹ ਪਾਉਂਦੇ ਐ। ਤੁਹਾਡੀ ਮਿਹਨਤ ਦਾ ਚੜ੍ਹਾਵਾ ਨਾ ਗੁਰੂ ਦੀ ਸੰਗਤ ਤੇ ਨਾ ਹੀ ਨਤਾਣਿਆਂ ਦੀ ਗਰੀਬੀ ਦੂਰ ਕਰਨ ਤੱਕ ਪੁੱਜਦਾ ਹੈ। ਉਲਟਾ ਤੁਹਾਨੂੰ ਮੌਤ ਦਾ ਰਾਹ ਵਿਖਾਉਂਦਾ ਹੈ। ਤੁਹਾਡੀਆਂ ਸਾਹ ਲੈਂਦੀਆਂ ਰਗਾਂ ਘੁੱਟਣ ਵਾਲੇ ਅਸਲ ਡਾਕੂ ਇਹ ਸਾਧ ਜਮਦੂਤ ਵੀ ਹਨ। ਤੁਹਾਡੀ ਦਸਾਂ ਨਹੁੰਆਂ ਤੇ ਲਹੂ ਪਸੀਨੇ ਦੀ ਕਮਾਈ ਲੁੱਟਣ ਲਈ ਇਨ੍ਹਾਂ ਠੱਗ ਲੋਟੂ ਪਾਲ ਰੱਖੇ ਹਨ। ਕਿੰਨੇ ਗੁਰੂ, ਪੀਰ ਤੇ ਅਵਤਾਰ ਤੁਹਾਨੂੰ ਸਮਝਾਉਂਦੇ ਤੁਹਾਡੀ ਖਾਤਰ ਸੂਲੀਆਂ ਤੇ ਚੜ੍ਹ ਗਏ। ਪਰ ਤੁਸਾਂ ਆਪਣੀ ਲੁਟਾਈ ਦਾ ਪਰਨਾਲਾ ਨਹੀਂ ਬਦਲਿਆ। ਇਸ ਦੁਨੀਆ ਨੂੰ ਸਦਾ ਚਲਦੀ ਰੱਖਣ ਵਾਸਤੇ ਕਿਸਾਨਾਂ ਤੇ ਕਾਮਿਆਂ ਕਿਹੜਾ ਨਰਕ ਨਹੀਂ ਭੋਗਿਆ। ਕੁਰਬਾਨੀਆਂ ਪੱਖੋਂ ਜੇਲ੍ਹਾਂ ਫਾਂਸੀਆਂ ਦੀ ਗਵਾਹੀ ਲੈ ਲਵੋ। ਸੰਤ ਬਣੇ ਚੋਰਾਂ, ਤੁਹਾਨੂੰ ਕੰਮ ਕਰਦੇ ਭਲੇ ਲੋਕਾਂ ਨੂੰ ਚੋਰ ਡਕੈਤ ਬਣਾ ਕੇ ਕਾਲ ਕੋਠੜੀਆਂ ਵਿਚ ਸੁਟਵਾਇਆ। ਜੇ ਰੱਬ ਜਿਉਂਦਾ ਹੁੰਦਾ, ਤੁਹਾਡੀ ਲੁੱਟੀ ਜਾਂਦੀ ਮਿਹਨਤ ਨਾ ਰੋਕਦਾ? ਉਹ ਰੱਬ ਵੀ ਇਨ੍ਹਾਂ ਸਾਧਾਂ, ਠੱਗਾਂ ਤੇ ਲੁਟੇਰਿਆਂ ਦਾ ਯਾਰ ਐ। ਕਿਸਾਨੋ, ਮਜ਼ਦੂਰੋ, ਤੁਹਾਡਾ ਕੋਈ ਨਹੀਂ ਹੈ ਜੀ ਕਿ ਹੁਣ ਤਾਂ ਸਤਿਗੁਰ ਪਿਆਰਾ ਵੀ ਜ਼ੋਰਾਵਰ ਠੱਗਾਂ ਦਾ ਯਾਰ ਹੋ ਗਿਆ ਏ।

## ਜੇ ਪੈ ਜਾਵੇ ਵਿਹਲ ਬੀਮਾਰੀ ਕੌਮ ਕਦੇ ਨਾ ਬਚੇ ਵਿਚਾਰੀ

- ਜ.ਸ. ਕੰਵਲ

ਵਿਹਲੜ ਕੌਮਾਂ ਤਾਰੀਖ ਦੇ ਗਲਤ ਹਰਫ਼ਾਂ ਵਾਂਗ ਸਦਾ ਲਈ ਮਿਟ ਜਾਂਦੀਆਂ ਹਨ। ਗਲਤ ਜਜ਼ਬਾਤਾਂ ਦੀ ਸੋਚ ਦਾ ਕੈਂਸਰ ਸਰੀਰ ਨੂੰ ਖਾ ਜਾਂਦਾ ਹੈ, ਜਿਵੇਂ ਲਕੜ ਨੂੰ ਸਿਉਂਕ ਤੇ ਘੁਣਾਂ। ਸੋ, ਵਿਹਲੜਾਂ ਦਾ ਸੰਗ ਛੱਡੋ, ਦਰਿਦਰਤਾ ਦਾ ਕੋਹੜ ਵੱਢੋ। ਵਿਹਲੜਾਂ ਨੂੰ ਮਿਥ ਕੇ ਇਕੱਲੇ ਕਰ ਦਿਓ, ਤਾਂ ਜੋ ਉਹ ਕੰਮ ਦੇ ਸਾਥੀਆਂ ਵਿਚ ਮਜਬੂਰੀ ਮੂੰਹ ਹਮਦਰਦ ਸਾਥੀ ਆ ਬਣਨ। ਕੰਮ ਹੀ ਮਨੁੱਖ ਦੀ ਕੌਮੀ ਕਲਿਆਣ ਹੈ, ਵਿਹਲ ਤਾਂ ਕੌਮ ਘਾਤਕ ਬੀਮਾਰੀ ਹੈ। ਮਨੁੱਖ ਨੂੰ ਕੰਮ ਦੀ ਲਗਨ ਦਾ ਨਸ਼ਾ ਚੜ੍ਹਿਆ ਰਹਿਣਾ ਚਾਹੀਦਾ ਹੈ। ਕੰਮ ਹੀ ਪੂਰੇ ਜਨਮ ਦੀ ਕੌਮੀ ਕਲਿਆਣ ਹੈ। ਸ਼ਹਿਦ ਦੀਆਂ ਮੱਖੀਆਂ ਤੇ ਕੀੜੀਆਂ ਨੂੰ ਤੱਕੋ, ਆਪਣੇ ਰੋਜ਼ਗਾਰ ਵਿਚ ਕਿਵੇਂ ਸਦਾ ਰੁਝੀਆਂ ਰਹਿੰਦੀਆਂ ਹਨ। ਵਿਹਲ, ਉਦਾਸੀ, ਅਵਾਰਗੀ ਆਦਿ ਖੁਦਕਸ਼ੀ ਦੀਆਂ ਦੋਸਤ ਹਨ। ਵਿਹਲ ਅਸਲੋਂ ਕੌਮੀ ਲਾਹਨਤ। ਜਿਹੜੀ ਕੌਮੀ ਘੱਟ ਗਿਣਤੀ ਨੂੰ ਕਿਵੇਂ ਵੀ ਵਾਰਾ ਨਹੀਂ ਖਾਂਦੀ। ਜੀਹਦਾ ਬਨਿਆ ਵਿਹਲੜ ਯਾਰ, ਸਮਝੋ ਡੁੱਬਾ ਵਿਚ ਮੰਝਧਾਰ। ਅੱਜ ਦੇ ਵਿਹਲੜ, ਪੰਜਾਬ ਦੀ ਚੜ੍ਹਦੀ ਕਲਾ ਦੇ ਕਾਤਲ ਹਨ। ਇਹ ਪੰਜਾਬ ਨਾਲ ਪੱਕੀ ਵੱਡੀ ਗੱਦਾਰੀ ਹੈ।

ਅਮਰਗਾਥਾ ਬਣ ਕੇ ਆਉਣ ਵਾਲੇ ਰਾਹੀਆਂ ਲਈ ਤਾਰੀਖੀ ਮਾਰਗ ਹੋ ਨਿਬੜਦਾ ਹੈ। ਸੱਚ ਲੁਕਾਇਆਂ ਲੁਕਦਾ ਨਹੀਂ, ਵੱਢਿਆਂ ਮੁੱਕਦਾ ਨਹੀਂ। ਉਖੜਿਆ ਮਨੁੱਖ ਜੇ ਇਸ ਨੂੰ ਆਪਣਾ ਪੱਕਾ ਸਾਥੀ ਬਣਾ ਲਵੇ ਉਹ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਤੋਂ ਸਦਾ ਲਈ ਸੁਰਖ਼ਰੂ ਹੋ ਜਾਂਦਾ ਹੈ। ਮੁਸ਼ਕਿਲਾਂ ਨਾਲ ਲੜਨਾ ਤੇ ਉਨ੍ਹਾਂ ਨੂੰ ਜਿੱਤਣਾ ਮਨੁੱਖ ਦਾ ਆਦਰਸ਼ ਰਿਹਾ ਹੈ। ਇਨ੍ਹਾਂ ਯਤਨਾਂ ਨੂੰ ਹੀ ਧਰਮ ਆਖਦੇ ਹਨ। ਜੇ ਮਨੁੱਖ ਹਾਰ ਕੇ ਮੰਨ ਸੰਦ ਹਥਿਆਰ ਸੁੱਟੇਗਾ ਜੀਂਦ ਤੋਂ ਪਹਿਲਾਂ ਹੀ ਖਤਮ ਹੋ ਜਾਵੇਗਾ।" ਅਜਿਹੀਆਂ ਸਤਰਾਂ ਦੇ ਸਿਰਜਣਹਾਰੇ ਜਸਵੰਤ ਕੰਵਲ ਅੰਦਰ ਪੰਜਾਬ ਨੂੰ ਇਕ ਨਵੀਂ ਲੜਨ ਦੀ ਦ੍ਰਿਸ਼ਟੀ ਪ੍ਰਦਾਨ ਕਰਨ ਹਿੱਤ ਕਾਰਜ ਕਰਨ ਕਰਕੇ ਸਮੁੱਚੇ ਪੰਜਾਬ ਦੇ ਖੇਤਰਾਂ ਵਿਚ ਜਾਣਿਆ ਜਾਂਦਾ ਹੈ। ਪ੍ਰੰਤੂ ਜਿਸ ਕਿਸਮ ਨਾਲ ਜਸਵੰਤ ਕੰਵਲ ਪਿਛਲੇ ਸਮੇਂ ਤੋਂ ਪਰਵਾਸੀ ਮਜਦੂਰਾਂ ਨੂੰ ਹੀ ਪੰਜਾਬ ਦੇ ਸਭਿਆਚਾਰ ਅਤੇ ਆਉਣ ਵਾਲੇ ਸੰਕਟ ਲਈ ਜ਼ਿੰਮੇਵਾਰ ਸਮਝ ਰਿਹਾ ਹੈ ਉਹ ਉਸ ਦੀ ਸੋਝੀ ਦਾ ਬਹੁਤ ਵੱਡਾ ਕਾਣ ਹੈ। ਉਸ ਦਾ ਸਪਸ਼ਟ ਇਜ਼ਹਾਰ ਉਸ ਨੇ ਪਰਦੇਸੀ ਭਰਾਵਾਂ ਨੂੰ ਇਤਿਹਾਸਕ ਗਿਲੇ ਦੇ ਤੌਰ 'ਤੇ ਆਖਦਿਆਂ ਲਿਖਿਆ, "ਪਰਦੇਸੀ ਭਰਾਓ ਤੁਸੀਂ ਜੇ ਪੱਕੇ ਡੇਰੇ ਪਰਦੇਸਾਂ ਵਿਚ ਗੱਡ ਲਏ ਪੰਜਾਬ ਦੀ ਬੋਲੋ ਰਾਮ ਤਾਂ ਫਿਰ ਪੱਕੀ ਸਮਝੋ। ਗੁਰੂ ਗੋਬਿੰਦ ਸਿੰਘ ਜੀ ਸੂਰਮਿਆਂ ਦੀ ਉਸਾਰੀ ਕੌਮ ਥਾਂ ਪਰ ਥਾਂ ਖਿਲਰੀ ਜਾਹਨਮ ਨੂੰ ਪਹੁੰਚ ਜਾਵੇਗੀ। ਅਕਲਾਂ ਵਾਲੇ ਪੜ੍ਹੇ ਲਿਖਿਆਂ ਨੂੰ ਸਾਡੀਆਂ ਢੋਡਰ ਸਰਕਾਰਾਂ ਸਾਂਭ ਨਹੀਂ ਸਕੀਆਂ। ਉਹ ਬਹੁਗੁਣੀਆਂ ਤਨਖਾਹਾਂ ਦੇ ਲਾਲਚ ਵਿਚ ਪੰਜਾਬ ਨੂੰ ਪਿੱਠ ਦੇ ਗਏ। ਪਿਛੇ ਰਿਹਾ ਨਿਹੰਗ ਲਾਣਾ ਸਲੋਤਰ ਸਿੰਘਾ ਨਾਲ ਬਚਦੀ ਅਕਲ ਨੂੰ ਕੁੱਟ ਧਰੇਗਾ। ਫਿਰ ਮੰਗਤਿਆਂ ਦੀ ਨਿਆਈ ਪੰਜਾਬ ਗਾਉਂਦਾ ਮੰਗਦਾ ਫਿਰੇਗਾ।" ਅਜਿਹੇ ਟੁੰਬਵੇਂ ਅਤੇ ਭਾਵੁਕ ਤੌਰ 'ਤੇ ਅੰਦਰੂਨੀ ਬੇਚੈਨ ਕਰਨ ਵਾਲੇ ਸ਼ਬਦ ਲਗਾਤਾਰ ਜਸਵੰਤ ਕੰਵਲ ਦੀ ਲੇਖਣੀ ਦੇ ਹਰੇਕ ਪੰਨੇ 'ਚੋਂ ਉਭਰਦੇ ਹਨ। ਇਸ ਕਿਸਮ ਦੀ ਲੇਖਣੀ ਨੂੰ ਸਮਝਣਾ ਅਤੇ ਵਾਚਣਾ ਬੜਾ ਜ਼ਰੂਰੀ ਹੈ ਜਿਸ ਰਾਹੀਂ ਕਈ ਵਾਰੀ ਭਾਵੁਕਤਾ ਵਿਚ ਬੈਠ ਕੇ ਤਰਾਸ਼ਦੀ ਉਤਪੰਨ ਹੁੰਦੀ ਹੈ ਜੇ ਉਸ ਦਾ ਵਿਚਾਰਧਾਰਕ ਆਧਾਰ ਕਮਜ਼ੋਰ ਹੋਵੇ। ਇਹ ਕਮਜ਼ੋਰੀ ਸਮੁੱਚੀਆਂ ਕਿਤਾਬਾਂ ਨੂੰ ਪੜ੍ਹਦਿਆਂ ਮਹਿਸੂਸ ਹੁੰਦੀ ਹੈ। ਫਿਰ ਵੀ ਪੰਜਾਬ ਦੇ ਅੰਦਰੂਨੀ ਤਰਾਸ਼ਦਿਕ ਪਹਿਲੂਆਂ ਨੂੰ ਜਾਣਨ ਹਿਤ ਇਨ੍ਹਾਂ ਪੁਸਤਕਾਂ ਨੂੰ ਵਾਚੇ ਤੋਂ ਬਿਨਾਂ ਅੱਗੇ ਨਹੀਂ ਲੰਘਿਆ ਜਾ ਸਕਦਾ। ਅਜੋਕੇ ਸਮਿਆਂ ਦੀ ਸਥਿਤੀ ਦੇ ਕਈ ਮੁੱਲਵਾਨ ਵਿਚਾਰ ਅਤੇ ਅੰਤਰ ਦ੍ਰਿਸ਼ਟੀਆਂ ਵੀ ਇਨ੍ਹਾਂ ਕਿਤਾਬਾਂ ਵਿਚੋਂ ਮਿਲਦੀਆਂ ਹਨ ਜੋ ਪੰਜਾਬ ਦੇ ਸਹੀ ਸਮਝਦੇ ਭਵਿੱਖ ਨਕਸ਼ੇ ਲਈ ਜ਼ਰੂਰੀ ਹਨ। ਉਨ੍ਹਾਂ ਦੀ ਪੂਰਤੀ ਹਿਤ ਇਨ੍ਹਾਂ 'ਚੋਂ ਮੁੱਲਵਾਨ ਹਿੱਸੇ ਵਿਚਾਰ ਦੀ ਮੰਗ ਕਰਦੇ ਹਨ।

# ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵਿਹੜੇ

**- ਜ.ਸ. ਕੰਵਲ**

ਸੰਤ ਰਾਮ ਉਦਾਸੀ, ਟੁੱਟੀਆਂ ਆਰਥਿਕ ਸ਼੍ਰੇਣੀਆਂ ਵਿਚੋਂ ਵੰਗਾਰ ਦੇ ਹਥਿਆਰ ਚੁੱਕ ਨਿਖਰਵਾਂ ਸੂਰਮਾ ਉਠਿਆ ਸੀ। ਉਹਦੀ ਬਹਾਦਰ ਤੇ ਜੇਰੇ ਜੁਰਅਤ ਵਾਲੀ ਕਰਨੀ ਨੇ ਕਮਜ਼ੋਰ ਤੇ ਦੱਬੀਆਂ ਕੁਚਲੀਆਂ ਸ਼੍ਰੇਣੀਆਂ ਨੂੰ ਦਲੇਰੀ ਨਾਲ ਆਜ਼ਾਦੀ ਦੇ ਰਾਹ ਪਾਇਆ। ਉਸ ਦੀ ਮਾਤਾ ਜੀ ਨੇ ਗੁਲਾਮੀ ਦੇ ਅੰਨ੍ਹੇਰੇ ਪੱਖਾਂ ਨੂੰ ਪੂਰਨਮਾਸ਼ੀ ਦਾ ਰਾਹ ਵਿਖਾਇਆ ਹੈ। ਉਦਾਸੀ ਕੋਲੇ ਦੀ ਖਾਣ ਦਾ ਚਮਕਦਾ ਹੀਰਾ ਸਿਤਾਰਾ ਸੀ। ਉਹਦੇ ਖੜਵੇਂ ਬੋਲ ਅੰਨ੍ਹੇਰਿਆਂ ਦੀਆਂ ਕੰਧਾਂ ਢਾਹ ਕੇ ਸੂਰਜੀ ਲੋਅ ਕਰਦੇ ਹਨ। ਧੰਨ ਉਹ ਮਾਂ, ਤੇ ਸਲਾਮ ਉਸ ਦੇ ਪੁਆਹੇ ਨੂੰ। ਉਹ ਗੋਬਿੰਦ ਸਿੰਘ ਦੇ ਖੜਕਵੇਂ ਬੋਲਾਂ ਦੀਆਂ ਕੁਰਬਾਨੀਆਂ ਦਾ ਸਿਦਕਵਾਨ ਅਮੋੜ ਸਿੱਖ ਸੀ : ਮੇਰਾ ਸਿਰ ਜਾਵੇ ਤਾਂ ਜਾਵੇ; ਮੇਰਾ ਸਿੱਖੀ ਸਿਦਕ ਨਾ ਜਾਵੇ। ਉਸ ਗੁਰੂ ਦੇ ਬੋਲ ਹੀ ਨਹੀਂ; ਸਿਦਕ ਕਮਾ ਕੇ ਸਿੱਖੀ ਦਾ ਔਟਲਿਆ ਰਾਹ ਸਿੱਧਾ ਕੀਤਾ। ਧੰਨ ਉਹ ਮਾਂ ਤੇ ਸੁਲੱਖਣੀ ਸੁਧਰਤੀ, ਜਿਸ ਸਿਦਕ ਦਾ ਸੂਰਜ ਪੈਦਾ ਕੀਤਾ। ਤੂੰ ਪੰਜਾਬ ਦੇ ਅਨ੍ਹੇਰਿਆਂ 'ਤੇ ਜਿਸ ਦਲੇਰੀ ਨਾਲ ਚੜ੍ਹਿਆ ਤੇ ਚਮਕਿਆ, ਹਾਲੇ ਹੋਰ ਹਨੇਰੇ ਘਰਾਂ ਨੂੰ ਰੌਸ਼ਨੀ ਦੇਣੀ ਹੈ। ਉਸ ਚਮਕਦਾਰ ਤੇਜ਼ ਰੌਸ਼ਨੀ ਬਾਲ ਕੇ ਕਮਜ਼ੋਰ ਰੂਹਾਂ ਨੂੰ ਦਲੇਰੀ ਦਿੱਤੀ ਹੈ। ਧੰਨ ਤੂੰ, ਧੰਨ ਤੇਰੀ ਜਣਨੀ ਤੇ ਪਵਿੱਤਰ ਤੇਰੀ ਧਰਤੀ; ਜਿਥੋਂ ਤੂੰ ਕਾਲੀ ਬੋਲੀ ਰਾਤ ਚੀਰ ਕੇ ਚੜ੍ਹਿਆ। ਤੂੰ ਚੜ੍ਹਿਆ, ਧਰਤ ਅਕਾਸ਼ ਰੌਸ਼ਨ ਹੋਏ। ਤੂੰ ਭਾਈ ਗੁਰਦਾਸ ਜੀ ਦੇ ਬੁਝਦੇ ਸ਼ਬਦਾਂ ਨੂੰ ਹੋਰ ਹੋਰ ਚਮਕਾਇਆ।" ਜਨਣੀ ਜਣੇ ਤਾਂ ਭਗਤ ਜਣ, ਕੇ ਦਾਤਾ ਕੇ ਸੂਰ" ਪੰਜਾਬੀ ਸਾਹਿਤ ਦੀ ਕਵਿਤਾ ਕਲਮ ਤੈਨੂੰ ਸਦਾ ਸਲਾਮ ਕਰਦੀ ਆਕੜੀ ਰਹੇਗੀ। ਭੁੱਲਿਆ ਵਿਸਰਿਆ ਰਾਹਾਂ ਨੂੰ ਤੂੰ ਸਦਾ ਸਰਚਲਾਈਟ ਬਾਲ ਗਿਆ। ਤੂੰ ਸੰਸਾਰ ਛੱਡ ਗਿਆ, ਪਰ ਪੰਜਾਬ ਦੇ ਅੰਨ੍ਹਿਆਂ ਵਿਚ ਲਾਈਟ ਦੀ ਸਦਾ ਜਗਦੀ ਲਾਟ ਬਾਲ ਗਿਆ। ਤੂੰ ਪੰਜਾਬ ਦੇ ਅੰਨ੍ਹੇਰਿਆਂ ਘਰਾਂ ਵਿਚ ਦਲੇਰੀ ਦੀ ਅਜਿਹੀ ਸ਼ਮਾਹ ਬਾਲ ਗਿਆ ਏਂ, ਜਿਹੜੀ ਅੰਨ੍ਹਿਆਂ ਨੂੰ ਵੀ ਦਲੇਰ ਰੌਸ਼ਨੀ ਦੇਵੇਗੀ। ਤੂੰ ਗਰੀਬ ਘਰਾਂ ਤੇ ਦਲੇਰ ਦਿਲਾਂ ਨੂੰ ਸਦਾ ਚਾਨਣ ਦੇਂਦਾ, ਤਾਰੀਖ ਦਾ ਸੁਲਤਾਨ ਜਨਮਿਆ ਸੀ। ਸਿਦਕਵਾਨਾਂ ਬਾਰੇ ਇਕ ਅਖਾਣ ਹੈ : "ਗੱਲਾਂ ਕਰਨ ਸੁਖਾਲੀਆਂ, ਔਖੇ ਪਾਲਣੇ ਬੋਲ।" ਪੰਜਾਬ ਦਾ ਸੰਤ ਰਾਮ ਜ਼ੁਲਮ ਦੀ ਹਰ ਤਿੱਖੀ ਧਾਰ ਕੇ ਕੜਕੜਾਂ ਦਾ ਤੁਰਦਾ ਉਸਦੀ ਧਾਰ ਦਾ ਮੂੰਹ ਮੋੜ ਗਿਆ, ਜ਼ੁਲਮਾਂ ਦੇ ਕਹਿਰਾਂ 'ਤੇ ਹੱਸਦਾ ਤੁਰਦਾ ਹਰ ਸਖ਼ਤੀ ਤੇ ਕਰੜਾਈ ਦੇ ਮੂੰਹ ਮੋੜ ਗਿਆ। ਕੌਣ ਕਹਿੰਦਾ ਏ, ਪੰਜਾਬ ਸੂਰਮਿਆਂ ਤੋਂ ਖਾਲੀ ਹੋ ਗਿਆ ? ਉਹ ਹਰ ਸਖ਼ਤ ਜੁਲਮ ਨੂੰ ਬਾਹਾਂ ਅੱਡ ਕੇ ਮਿਲਿਆ। ਤਾਹੀਂ ਬਾਂਹ ਚੁੱਕ ਕੇ ਗਾਉਂਦਾ ਸੀ–"ਇਹ ਜਾਨ ਤਾਂ ਆਣੀ ਜਾਣੀ ਐ; ਮੁੜ ਸਿਦਕ ਪਿਆਰਾ ਨਹੀਂ ਮਿਲਣਾ।" ਸਿਰ ਚੀਰਦੀ ਸਖਤੀ ਨੂੰ ਕਦੇ ਮਨਸੂਰ ਪਿਆਰਾ ਮਿਲਿਆ ਸੀ ਤੇ ਯਾਦ ਆਉਣ ਤੇ ਸੰਤ ਰਾਮ ਵੀ ਹੱਸਿਆ ਸੀ। "ਬਾਪੂ ਤੇਰੇ ਬੇਟੇ ਹੋਰ ਵੀ ਹਨ, ਹਰ ਪ੍ਰਕਾਰ ਦੀਆਂ ਬਦਬਖਤੀਆਂ ਤੇ ਜਬਰ ਨੂੰ ਬਾਹਾਂ ਅੱਡ ਕੇ ਮਿਲਣ ਵਾਲੇ।" ਸਮੇਂ ਦੇ ਸੱਚ ਨੂੰ ਹਰ ਜੁਗ ਦੀ ਆਜ਼ਾਦੀ ਜਮ੍ਹਾਂ ਗੁਲਾਮੀ ਵਿਚ ਨੰਗੀ ਧਾਰ ਤੇ ਤੁਰਨਾ ਪਿਆ ਹੈ। ਪ੍ਰੀਖਿਆਵਾਂ ਨੇ ਲਲਕਾਰੇ ਮਾਰਦਿਆਂ ਸਿਰ ਦਿੱਤੇ ਹਨ। ਤੇ ਸੰਤ ਰਾਮ ਆਪਣੇ ਹਾਣੀ ਸਿਦਕ ਨਾਲ ਤਸੀਹਿਆਂ ਦੀ ਯਲਗਾਰ ਵਿਚੋਂ ਹੱਸਦੀ ਬੇਪ੍ਰਵਾਹੀ ਨਾਲ ਗੁਜ਼ਰ ਗਿਆ। ਵਾਹ ਓਏ ਸੂਰਮਿਆਂ, ਬੋਲ ਕੁਦਰਤੀ ਲੋਕਾਈ ਦੇ ਤੇ ਸਖਤ ਕਰਮ ਤੂੰ ਕਮਾ ਗਿਆ। ਸਮੇਂ ਦੀ ਤਾਰੀਖ ਤਸੀਹਿਆਂ ਨੂੰ ਸਜਦਾ ਕਰਦੀ ਹੈ। ਯਾਰਾ ਬੂਹ ਇਹ ਨਜ਼ਾਮ, ਜਿਹੜਾ ਸੱਚ ਪੁੱਤਰਾਂ ਨੂੰ ਹੱਡੀਆਂ ਤੋੜ ਸਜ਼ਾਵਾਂ ਪੁੱਠਿਆਂ ਕਰ ਕਰ ਦਿੰਦਾ ਹੈ। ਉਦਾਸੀ ਦੇ ਗਾਇਬ ਵਿਚੋਂ ਆਵਾਜ਼ ਆਈ; "ਬਾਈ ਕੰਵਲ ਸੱਚ ਨੂੰ ਸਖਤ ਤੋਂ ਸਖਤ ਜ਼ੁਲਮ ਅੱਗੇ ਝੁਕਣਾ ਨਹੀਂ ਆਇਆ।" ਵਾਹ ਓਏ ਸਮੇਂ ਦਿਆ ਬੇਪ੍ਰਵਾਹ ਸੂਰਮਿਆਂ, ਜੱਗ ਰਹਿੰਦਿਆਂ ਤੱਕ ਤੇਰੇ ਸਿਦਕ ਦੀਆਂ ਵਾਰਾਂ ਗਾਈਆਂ ਜਾਣਗੀਆਂ।

- ਡਾ: ਸੁਖਪਾਲ ਸਿੰਘ

# ਪ੍ਰਵਾਸੀ ਮਜ਼ਦੂਰਾਂ ਪ੍ਰਤੀ ਦ੍ਰਿਸ਼ਟੀਕੋਣ ਦਾ ਸਵਾਲ



*ਗਲੋਬਲੀ ਪੈਮਾਨੇ 'ਤੇ ਜਿਸ ਕਿਸਮ ਨਾਲ ਸਰਮਾਏ ਦੇ ਅਦਾਨ-ਪ੍ਰਦਾਨ ਨਾਲ ਰਾਜਕੀ ਪ੍ਰਬੰਧਾਂ ਦੀਆਂ ਹੱਦਾਂ ਟੱਪ ਕੇ ਲੋਕ ਇਧਰੋਂ ਉਧਰ ਗਏ ਨੇ ਉਨ੍ਹਾਂ ਨੇ ਕਈ ਕਿਸਮ ਦੀਆਂ ਸਮਾਜਿਕ ਤੇ ਸਭਿਆਚਾਰਕ ਨਵੀਆਂ ਸਥਿਤੀਆਂ ਅਤੇ ਚੁਣੌਤੀਆਂ ਉਤਪੰਨ ਕੀਤੀਆਂ ਹਨ। ਇਨ੍ਹਾਂ ਚੁਣੌਤੀਆਂ ਵਿਚ ਸਭ ਤੋਂ ਵੱਡੀ ਕੀਮਤ ਉਨ੍ਹਾਂ ਹਿੱਸਿਆਂ ਨੂੰ ਦੇਣੀ ਪੈ ਰਹੀ ਹੈ ਜਿਹੜੇ ਆਪਣੀ ਕਿਰਤ ਦੀ ਸ਼ਕਤੀ ਦਾ ਮੁੱਲ ਹਾਸਲ ਕਰਨ ਲਈ ਪਰਵਾਸ ਕਰਦੇ ਹਨ। ਹਾਲਾਂਕਿ ਉਹ ਆਪਣੀ ਕਿਰਤ ਰਾਹੀਂ ਆਪਣੇ ਰੈਣ ਬਸੇਰੇ ਵੀ ਬਣਾਉਂਦੇ ਹਨ ਪ੍ਰੰਤੂ ਉਨ੍ਹਾਂ ਦੀ ਅੰਦਰੂਨੀ ਪਹਿਲੇ ਅਤੇ ਤੀਸਰੇ ਮੁਲਕਾਂ ਵਿਚ ਵੱਖੋ-ਵੱਖਰੀ ਹੋ ਸਕਦੀ ਹੈ ਪਰ ਜਿਸ ਕਿਸਮ ਨਾਲ ਪਰਵਾਸ ਕਰਨ ਵਾਲੇ ਤੀਸਰੀ ਦੁਨੀਆਂ ਦੇ ਮੁਲਕਾਂ ਵਿਚ ਆਪਣਾ ਜੀਵਨ ਬਸਰ ਕਰਦੇ ਹਨ ਉਸ ਨੂੰ ਸਮਝਦਾ ਅਤੇ ਉਸ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਉਸਾਰਨ ਹਿੱਤ ਪ੍ਰਸਿੱਧ ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ ਦੀ ਗਹਿ-ਗੰਭੀਰ ਖੋਜ ਪੇਸ਼ ਕਰ ਰਹੇ ਹਾਂ।*

ਮਨੁੱਖ ਦਾ ਇੱਕ ਥਾਂ ਤੋਂ ਦੂਜੇ ਥਾਂ ਤੇ ਪ੍ਰਵਾਸ ਕਰਨਾ ਯੁੱਗਾਂ-ਯੁਗਾਤਰਾਂ ਤੋਂ ਚੱਲ ਰਿਹਾ ਵਰਤਾਰਾ ਹੈ। ਮਨੁੱਖ ਦੇ ਇਸ ਪ੍ਰਵਾਸ ਪਿੱਛੇ ਆਰਥਕ, ਸਮਾਜਕ ਅਤੇ ਸੱਭਿਆਚਾਰਕ ਤੱਤ ਮਹੱਤਵਪੂਰਨ ਹਨ। ਕਿਸੇ ਦੇਸ਼ ਦੇ ਇਕ ਖਿੱਤੇ ਵਿੱਚ ਰਹਿ ਰਹੇ ਵਿਅਕਤੀਆਂ ਦਾ ਦੂਜੇ ਖਿੱਤੇ ਵਿੱਚ ਜਾ ਕੇ ਵਸਣਾ ਜਾਂ ਇਕ ਰਾਸ਼ਟਰ ਤੋਂ ਦੂਜੇ ਰਾਸ਼ਟਰ ਵਿੱਚ ਪ੍ਰਵਾਸ ਕਰਨ ਪਿਛੇ ਮੁੱਖ ਰੂਪ ਵਿੱਚ ਆਰਥਕ ਤੱਤ ਹੀ ਹਨ। ਭਾਵੇਂ ਕਿ ਇਨ੍ਹਾਂ ਤੱਤਾਂ ਦਾ ਪੱਧਰ ਵੱਖਰੇ-ਵੱਖਰੇ ਖਿੱਤਿਆਂ, ਵਿਅਕਤੀਆਂ ਜਾ ਗਰੁੱਪਾਂ ਲਈ ਵੱਖਰਾ-ਵੱਖਰਾ ਹੁੰਦਾ ਹੈ। ਸਮਾਜ ਦੇ ਵੱਖ-ਵੱਖ ਹਿੱਸਿਆਂ

ਵਿੱਚ ਵਿਕਾਸ ਦੇ ਪੱਧਰ ਵਿੱਚ ਵਖਰੇਵੇਂ ਕਾਰਨ ਮਨੁੱਖ ਇੱਕ ਥਾਂ ਤੋਂ ਦੂਜੀ ਥਾਂ ਤੇ ਪ੍ਰਵਾਸ ਕਰਦਾ ਹੈ। ਕਈ ਖਿੱਤੇ ਵੱਧ ਵਿਕਸਤ ਹੋ ਜਾਂਦੇ ਹਨ, ਕਈ ਘੱਟ ਅਤੇ ਕਈ ਖਿੱਤੇ ਪਛੜੇ ਹੀ ਰਹਿ ਜਾਂਦੇ ਹਨ। ਪਛੜੇ ਖਿੱਤਿਆਂ ਵਿੱਚੋ ਲੋਕ ਘੱਟ ਵਿਕਸਿਤ ਇਲਾਕਿਆਂ ਵੱਲ ਨੂੰ ਪ੍ਰਵਾਸ ਕਰਦੇ ਹਨ ਕਿਉਂਕਿ ਉਥੇ ਉਹ ਗੁਰਬਤ ਦੀ ਹਾਲਤ ਵਿੱਚ ਰਹਿ ਰਹੇ ਹੁੰਦੇ ਹਨ ਅਤੇ ਆਪਣੀ ਉਪਜੀਵਕਾ ਕਮਾਉਣ ਅਤੇ ਜਿੰਦਗੀ ਦੀ ਗੱਡੀ ਰੋੜਨ ਲਈ ਘੱਟ ਵਿਕਸਿਤ ਖਿੱਤਿਆ ਵੱਲ ਪ੍ਰਵੇਸ਼ ਕਰਦੇ ਹਨ। ਇਸੇ ਤਰ੍ਹਾਂ ਘੱਟ ਵਿਕਸਿਤ ਇਲਾਕਿਆਂ ਵਿਚੋਂ ਲੋਕ ਆਪਣੀ ਸਿਖਿਆ, ਹੁਨਰ ਅਤੇ ਆਰਥਕਤਾ ਦੇ ਸਹਾਰੇ ਵੱਧ ਵਿਕਸਿਤ ਇਲਾਕਿਆਂ ਵੱਲ ਪ੍ਰਵੇਸ਼ ਕਰਦੇ ਹਨ ਤਾਂ ਕਿ ਉਨ੍ਹਾਂ ਦੇ ਜੀਵਨ ਦਾ ਪੱਧਰ ਪਹਿਲਾਂ ਨਾਲੋਂ ਉੱਚਾ ਹੋ ਜਾਵੇ। ਠੀਕ ਇਸੇ ਤਰ੍ਹਾਂ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚੋ ਮਜਦੂਰ ਖੇਤੀ ਵਿੱਚ ਵਿਕਸਤ ਹੋ ਚੁੱਕੇ ਰਾਜਾਂ ਜਿਵੇ ਪੰਜਾਬ ਵੱਲ ਪ੍ਰਵਾਸ ਕਰਦੇ ਹਨ ਅਤੇ ਪੰਜਾਬੀ ਮਜਦੂਰ ਦੂਸਰੇ ਦੇਸ਼ਾਂ ਜਿਵੇ ਕੇਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਵੱਲ ਪ੍ਰਵਾਸ ਕਰਦੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਪੰਜਾਬ ਦੀ ਖੇਤੀ ਵਿੱਚ ਪ੍ਰਵਾਸੀ ਮਜ਼ਦੂਰਾਂ ਬਾਰੇ ਤਿਆਰ ਕੀਤੀ ਰਿਪੋਰਟ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਮਜਦੂਰਾਂ ਦੀ ਆਰਥਕ-ਸਮਾਜਕ ਜਿੰਦਗੀ ਕਿੰਨੀ ਸੰਘਰਸ਼ ਭਰੀ ਹੈ। ਰਿਪੋਰਟ ਵਿੱਚ ਲੁਧਿਆਣਾ, ਅਮ੍ਰਿਤਸਰ, ਜਲੰਧਰ ਅਤੇ ਸੰਗਰੂਰ ਦੇ 24 ਪਿੰਡਾਂ ਦਾ ਸਰਵੇਖਣ ਕੀਤਾ ਜਿਸ ਤੋਂ ਪਤਾ ਲੱਗਿਆ ਕਿ ਪੰਜਾਬ ਦੀ ਖੇਤੀ ਵਿੱਚ ਇਸ ਵੇਲੇ ਲਗਪਗ 8 ਲੱਖ ਪ੍ਰਵਾਸੀ ਮਜਦੂਰ ਹਨ ਜਿਨ੍ਹਾਂ ਦਾ ਵੱਡਾ ਹਿੱਸਾ (92 ਪ੍ਰਤੀਸ਼ਤ) ਬਿਹਾਰ ਤੋ ਆਉਦਾ ਹੈ ਜਦੋਂ ਕਿ ਬਾਕੀ ਮਜ਼ਦੂਰ ਉਤਰ ਪ੍ਰਦੇਸ਼ (6 ਪ੍ਰਤੀਸ਼ਤ), ਮੱਧ ਪ੍ਰਦੇਸ਼ (1 ਪ੍ਰਤੀਸ਼ਤ) ਅਤੇ ਪੱਛਮੀ ਬੰਗਾਲ ਅਤੇ ਹੋਰ ਥਾਂਵਾ (1 ਪ੍ਰਤੀਸ਼ਤ) ਹੀ ਆਉਦੇ ਹਨ।ਪ੍ਰਵਾਸੀ ਮਜਦੂਰ ਮੁੱਖ ਤੌਰ ਤੇ ਅਨੁਸੂਚਿਤ ਅਤੇ ਪਛੜੀਆ ਜਾਤੀਆਂ ਨਾਲ ਹੀ ਸਬੰਧਤ ਹਨ ਫਿਰ ਵੀ ਲੱਗਭਗ ਪੰਜ ਪ੍ਰਤੀਸ਼ਤ ਮਜਦੂਰ ਉੱਚ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਹਨ। ਇਹ ਵੀ ਵੇਖਿਆ ਗਿਆ ਹੈ ਕਿ 1983-84 ਦੇ ਸਰਵੇ ਅਨੁਸਾਰ ਉਸ ਸਮੇਂ ਖੇਤੀ ਚ ਪ੍ਰਵਾਸੀ ਮਜਦੂਰਾਂ ਵਿੱਚੋ ਹਿੰਦੂ ਜਾਤਾਂ ਨਾਲ ਸਬੰਧ ਰੱਖਣ ਵਾਲਿਆਂ ਦੀ ਗਿਣਤੀ 34 ਪ੍ਰਤੀਸ਼ਤ ਸੀ ਜੋ ਕਿ ਹੁਣ ਨਾ-ਮਾਤਰ ਹੀ ਰਹਿ ਗਈ ਕਿਉਂਕਿ ਇਹ ਲੋਕ ਪੇਂਡੂ ਖੇਤਰ ਵਿੱਚ ਕੰਮ ਕਰਨ ਦੀ ਬਜਾਏ ਸ਼ਹਿਰੀ ਖੇਤਰ ਵਿੱਚ ਕੰਮ ਕਰਨਾ ਵੱਧ ਸੁਰੱਖਿਅਤ ਸਮਝਦੇ ਹਨ। ਦੂਜੇ ਪਾਸੇ ਨਿਮਨ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਇਹ ਲੋਕ ਆਰਥਕ ਮਜਬੂਰੀਆਂ ਕਰਕੇ ਹਰ ਥਾਂ ਤੇ ਕੰਮ ਕਰਨ ਲਈ ਤਿਆਰ ਹਨ।ਖੇਤੀ ਵਿੱਚ ਪ੍ਰਵਾਸੀ ਮਜਦੂਰਾਂ ਦਾ ਤਿੰਨ-ਚੌਥਾਈ ਹਿੱਸਾ ਅਨਪੜ ਹੈ ਅਤੇ ਜੋ ਪੜ੍ਹੇ ਵੀ ਹਨ ਉਹ ਵੀ ਮਸਾ 5 ਕੁ ਜਮਾਤਾਂ ਹੀ ਪਾਸ ਹਨ। ਬੜਾ ਹੀ ਨਿਗੂਣਾ ਹਿੱਸਾ 5 ਜਮਾਤਾਂ ਤੋ ਵੱਧ ਪੜਿਆ ਲਿਖਿਆ ਹੈ। ਇਸ ਕਰਕੇ ਇਹ ਲੋਕ ਤਕਨੀਕੀ ਯੋਗਤਾ ਦੀ ਅਣਹੋਂਦ ਕਰਕੇ ਖੇਤੀ ਵਿਚੋ ਹੀ ਆਪਣੀ ਉਪਜੀਵਕਾ ਕਮਾਉਂਦੇ ਹਨ।ਪੰਜਾਬ ਦੀ ਖੇਤੀ ਵਿੱਚ ਆਉਣ ਵਾਲੇ ਪ੍ਰਵਾਸੀ ਮਜ਼ਦੂਰਾਂ ਦਾ ਲੱਗਭਗ 80 ਪ੍ਰਤੀਸ਼ਤ ਹਿੱਸਾ ਸ਼ਾਦੀ-ਸੁਹੈ, ਪ੍ਰੰਤੂ ਇਨ੍ਹਾਂ ਵਿਚੋ ਸਿਰਫ 18 ਪ੍ਰਤੀਸ਼ਤ ਹੀ ਅਜਿਹੇ ਹਨ, ਜਿਹਨਾਂ ਨੇ ਆਪਣੇ ਪਰਿਵਾਰ ਨਾਲ ਰੱਖੇ ਹੋਏ ਹਨ, ਜਦੋਂ ਕਿ ਬਾਕੀਆਂ ਨੇ ਪ੍ਰੀਵਾਰ ਨਾਲ ਰੱਖਣ ਦੀ ਇੱਛਾ ਤਾਂ ਜਤਾਈ ਪ੍ਰੰਤੂ ਆਰਥਿਕ ਮਜਬੂਰੀਆਂ ਕਰਕੇ ਪਰਿਵਾਰ ਨੂੰ ਨਾਲ ਰੱਖਣ ਦੀ ਅਸਮਰਥਾ ਨੂੰ ਭਰੇ ਮਨ ਨਾਲ ਦਰਸਾਇਆ।ਕੁਝ ਮਜਦੂਰਾਂ ਨੇ ਇਹ ਵੀ ਦੱਸਿਆ ਕਿ ਉਹ ਆਪਣੇ ਪਰਿਵਾਰ ਨੂੰ ਆਪਣੇ ਨਾਲ ਇਸ ਕਰਕੇ ਵੀ ਨਹੀਂ ਰੱਖਦੇ ਕਿਉਂਕਿ ਉਨਾਂ ਨੇ ਜੱਦੀ ਇਲਾਕੇ ਵਿੱਚ ਆਪਣੀ ਜਾਇਦਾਦ, ਪਸ਼ੂ ਅਤੇ ਹੋਰ ਘਰੇਲੂ ਕੰਮ-ਕਾਜ ਦੀ ਵੀ ਦੇਖਭਾਲੀ ਕਰਨੀ ਹੁੰਦੀ ਹੈ।ਇਸ ਤਰ੍ਹਾਂ ਰੇਲਵੇ ਦੇ ਵੱਧ ਕਿਰਾਏ, ਰਹਿਣ ਲਈ ਸੁਰੱਖਿਅਤ ਥਾਂ ਦੀ ਅਣਹੋਂਦ, ਕੰਮ ਦੀ ਭਾਲ ਵਿੱਚ ਇਧਰ-ਉਧਰ ਭਟਕਣ ਅਤੇ ਸਾਰੇ ਪਰਿਵਾਰ ਦੀ ਖਰਚਾ ਝੱਲਣ ਦੀ ਅਣਹੋਂਦ ਕਾਰਨ ਆਪਣੇ ਪਰਿਵਾਰ ਨੂੰ ਨਾਲ ਰੱਖਣਾ ਬੜਾ ਹੀ ਮੁਸ਼ਕਿਲ ਹੈ।ਆਮ ਤੌਰ ਤੇ ਇਨ੍ਹਾਂ ਦੇ ਪਰਿਵਾਰ ਦਾ ਆਕਾਰ ਵੀ ਵੱਡਾ ਹੀ ਹੁੰਦਾ ਹੈ।



ਇਸ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਦੋ-ਤਿਹਾਈ ਪ੍ਰਵਾਸੀ ਮਜਦੂਰਾਂ ਦੇ ਪਰਿਵਾਰ ਦੇ ਮੈਂਬਰ ਸੱਤ ਤੋ ਵੱਧ ਹਨ।ਪ੍ਰਵਾਸੀ ਮਜਦੂਰਾਂ ਦੇ ਸਿਰਫ 36 ਪ੍ਰਤੀਸ਼ਤ ਹਿੱਸੇ ਕੋਲ ਕੁਝ ਜਮੀਨ ਦੀ ਮਾਲਕੀ ਵੀ ਹੈ ਜਦੋਂ ਕਿ ਵੱਡਾ ਹਿੱਸ ਬੇ-ਜਮੀਨਾ ਹੀ ਹੈ।ਜਮੀਨ ਦਾ ਆਕਾਰ ਵੀ ਕੋਈ ਬਹੁਤਾ ਵੱਡਾ ਨਹੀ ਇਨ੍ਹਾਂ ਕੋਲ ਸਿਰਫ ਇੱਕ ਤੋ ਤਿੰਨ ਏਕੜ ਤੱਕ ਜਮੀਨ ਹੀ ਹੈ। ਇਹ ਤੱਥ ਸਾਬਤ ਕਰਕੇ ਹਨ ਕਿ ਇਨ੍ਹਾਂ ਮਜਦੂਰਾਂ ਦਾ ਇਥੇ ਪਰਵਾਸ ਇਕ ਆਰਥਿਕ ਪ੍ਰਕਿਰਿਆ ਵਿੱਚੋ ਹੀ ਉਪਜਿਆ ਹੋਇਆ ਹੈ।

ਇਹ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਜਿਥੇ ਪੰਜਾਬ ਦੇ ਕਿਸਾਨ ਅਤੇ ਮਜਦੂਰ



ਜਮਾਤ ਕਰਜੇਥੱਲੇ ਦੱਬੀ ਹੋਈ ਹੈ, ਉਥੇ ਇਹ ਵੀ ਸਾਫ ਹੈ ਕਿ ਪ੍ਰਵਾਸੀ ਮਜ਼ਦੂਰ ਵੀ ਕਰਜੇਤੋਂ ਮੁਕਤ ਨਹੀਂ ਹਨ। ਇਨ੍ਹਾਂ ਦਾ ਲਗਭਗ 75 ਪ੍ਰਤੀਸ਼ਤ ਹਿੱਸਾ ਕਰਜਈ ਹੈ, ਜਿਨ੍ਹਾਂ ਸਿਰ ਔਸਤਨ ਕਰਜ਼ਾ 12,508 ਰੁਪਏ ਹੈ। ਇਥੇ ਇਹ ਵੀ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਪੰਜਾਬ ਦੇ ਸਥਾਨਕ ਖੇਤ ਮਜ਼ਦੂਰਾਂ ਸਿਰ ਲਗਭਗ 20,000 ਰੁਪਏ ਔਸਤਨ ਕਰਜ਼ਾ ਹੈ ਜਦੋਂ ਕਿ ਔਸਤਨ ਕਿਸਾਨ ਸਿਰ ਲਗਭਗ ਤਿੰਨ ਲੱਖ ਰੁਪਏ ਕਰਜ਼ਾ ਹੈ। ਅਸਲ ਵਿੱਚ ਮਜਦੂਰਾਂ ਕੋਲ ਕੋਈ ਸਾਧਨ ਨਾ ਹੋਣ ਕਰਕੇ ਇਨ੍ਹਾਂ ਨੂੰ ਕੋਈ ਵੀ ਅਦਾਰਾ ਕਰਜ਼ਾ ਨਹੀਂ ਦਿੰਦਾ ਇਸੇ ਲਈ ਇਹ ਬਹੁਤ ਘੱਟ ਖਰਚ ਨਾਲ ਆਪਣੀ ਜਿੰਦਗੀ ਨੂੰ ਰੋੜ ਰਹੇ ਹਨ।

ਪ੍ਰਵਾਸੀ ਮਜਦੂਰਾਂ ਦਾ ਪੰਜਾਬ ਦੀ ਖੇਤੀ ਵਿਚ ਆ ਕੇ ਕੰਮ ਕਰਨ ਦਾ ਸਭ ਤੋਂ ਮੁੱਖ ਕਾਰਨ ਵੱਧ ਮਜਦੂਰੀ ਦਰਾਂ ਦਾ ਮਿਲਣਾ ਹੈ। ਇਨ੍ਹਾਂ ਵਿਚੋਂ ਸਥਾਈ ਮਜਦੂਰਾਂ ਨੂੰ ਆਪਣੀ ਜੱਦੀ ਭੂਮੀ ਤੇ ਸਿਰਫ 861 ਰੁਪਏ ਮਹੀਨਾ ਔਸਤਨ ਮਜਦੂਰੀ ਮਿਲਦੀ ਹੈ। ਇਹ ਮਜਦੂਰੀ 1983-84 ਵਿੱਚ 106 ਰਪਏ ਪ੍ਰਤੀ ਮਹੀਨਾ ਅਤੇ 1995-96 ਵਿੱਚ 332 ਪ੍ਰਤੀ ਮਹੀਨਾ ਸੀ। ਸਪੱਸ਼ਟ ਹੈ ਕਿ ਮਜਦੂਰੀ ਦਰਾਂ ਵਿਚ ਅਸਲ ਵਾਧਾ ਬਿਲਕੁਲ ਨਹੀਂ ਹੋਇਆ। ਇਸ ਤੋ ਇਲਾਵਾ ਉਨ੍ਹਾਂ ਇਲਾਕਿਆਂ ਵਿਚ ਮਜਦੂਰੀ ਸਾਰਾ ਸਾਲ ਉਪਲਬਧ ਵੀ ਨਹੀਂ ਹੁੰਦੀ। ਇਹ ਦਿਹਾੜੀ ਸਾਲ ਵਿੱਚ ਸਿਰਫ 2-3 ਮਹੀਨੇ ਹੀ ਮਿਲਦੀ ਹੈ ਅਤੇ ਬਾਕੀ ਸਮਾਂ ਲਗਭਗ ਵਿਹਲੇ ਹੀ ਰਹਿਣਾ ਪੈਂਦਾ ਹੈ। ਇਨ੍ਹਾ ਰਾਜਾਂ ਵਿੱਚ ਪੱਕਾ ਮਜਦੂਰ ਲਾਉਣ ਦਾ ਅਭਿਆਸ ਸਾਲ ਲਈ ਨਹੀਂ ਸਗੋ ਮਹੀਨੇ ਲਈ ਹੀ ਹੈ। ਮਜ਼ਦੂਰ, ਜੋ ਮਹੀਨਾ ਆਧਾਰ ਤੇ ਕੰਮ ਕਰਦੇ ਹਨ, ਦੀ ਰੋਜਗਾਰ ਦੀ ਹਾਲਤ ਬਾਕੀਆਂ ਅਸਥਾਈ ਮਜ਼ਦੂਰਾਂ ਨਾਲੋਂ ਕੁਝ ਬਿਹਤਰ ਹੁੰਦੀ ਹੈ। ਪੰਜਾਬ ਦੇ ਉਲਟ ਸਥਾਈ ਮਜਦੂਰਾਂ ਨੂੰ ਵੀ ਉਨ੍ਹਾਂ ਰਾਜਾਂ ਵਿੱਚ ਦਿਹਾੜੀ ਤੋਂ ਇਲਾਵਾ ਰੋਟੀ ਜਾਂ ਚਾਹ-ਪਾਣੀ ਨਹੀਂ ਦਿੱਤਾ ਜਾਂਦਾ। ਦਿਹਾੜੀਦਾਰ ਅਸਥਾਈ ਮਜਦੂਰਾਂ ਨੂੰ ਮਜਦੂਰੀ ਹੋਰ ਵੀ ਘੱਟ ਮਿਲਦੀ ਹੈ। ਬਿਹਾਰ, ਯੂ.ਪੀ. ਅਤੇ ਹੋਰ ਰਾਜਾਂ ਵਿੱਚ ਜਿਥੋਂ ਇਹ ਮਜਦੂਰ ਆਉਂਦੇ ਹਨ ਉਨ੍ਹਾਂ ਵਿੱਚ ਲਗਪਗ 50 ਰੁਪਏ ਔਸਤਨ ਦਿਹਾੜੀ ਮਿਲਦੀ ਹੈ ਅਤੇ ਇਥੇ ਕੰਮ ਦੀ ਉਪਲਬਧਤਾ ਵੀ ਸਿਰਫ ਖੇਤੀ ਦੇ ਭਰ ਸ਼ੀਜਨ ਵਿਚ ਹੀ ਹੁੰਦੀ ਹੈ। ਜਿਥੇ ਪ੍ਰਵਾਸੀ ਮਜਦੂਰਾਂ ਨੂੰ ਉਨ੍ਹਾਂ ਦੇ ਜੱਦੀ ਇਲਾਕਿਆਂ ਵਿੱਚ ਮਜ਼ਦੂਰੀ ਘੱਟ ਅਤੇ ਕੰਮ ਦੀ ਅਨਿਸਚਤਤਾ ਬਣੀ ਰਹਿੰਦੀ ਹੈ ਉਥੇ ਪੰਜਾਬ ਵਿਚ ਕੰਮ ਮੁਕਾਬਲਤਨ ਵੱਧ ਦਿਨਾਂ ਲਈ ਮਿਲਦਾ ਹੈ। ਇਸੇ ਤਰ੍ਹਾਂ ਇਥੇ ਮਜਦੂਰੀ ਵੀ ਵੱਧ ਮਿਲਦੀ ਹੈ। 2006-07 ਦੌਰਾਨ ਪ੍ਰਵਾਸੀ ਮਜਦੂਰਾਂ ਨੂੰ ਖੇਤੀ ਦੇ ਭਰ ਸੀਜਨ ਵਿੱਚ ਔਸਤਨ 103 ਰੁਪਏ ਦਿਹਾੜੀ ਮਿਲਦੀ ਰਹੀ ਹੈ। ਇਹ ਦਿਹਾੜੀ ਲੁਧਿਆਣਾ ਜਿਲੇ ਵਿੱਚ ਸਭ ਤੋਂ ਵੱਧ (ਲਗਪਗ 110 ਰੁਪਏ) ਔਸਤਨ ਸੀ। ਜਦੋਂ ਕਿ ਆਫ ਸ਼ੀਜਨ ਵਿੱਚ ਸਿਰਫ 77 ਰੁਪਏ ਦਿਹਾੜੀ ਹੀ ਮਿਲਦੀ ਹੈ। ਇਸੇ ਤਰ੍ਹਾਂ ਪੱਕੇ ਮਜਦੂਰਾਂ ਨੂੰ 23 ਹਜਾਰ ਰੁਪਏ ਸਾਲਾਨਾ ਮਿਲਦੇ ਹਨ। ਦਿਹਾੜੀ ਦੀ ਦਰ 1995-96 ਤੱਕ ਵਧਦੀ ਰਹੀ ਹੈ ਜਦੋਂ ਕਿ ਇਸ ਸਮੇਂ ਤੋ ਬਾਅਦ ਵਿਸ਼ਵੀਕਰਨ ਦੇ ਦੌਰਾਨ ਮਜਦੂਰੀ ਵਿੱਚ 4.38 ਪ੍ਰਤੀਸ਼ਤ ਸਲਾਨਾ ਦੀ ਦਰ ਨਾਲ ਕਮੀ ਆਈ ਹੈ। ਇਸ ਤੋਂ ਇਲਾਵਾ ਪੰਜਾਬ ਦੀ ਖੇਤੀ ਵਿੱਚ ਪ੍ਰਵਾਸੀ ਮਜਦੂਰਾਂ ਨੂੰ ਸਥਾਈ ਮਜਦੂਰ ਦੇ ਤੌਰ ਤੇ ਵੀ ਕੰਮ ਤੇ ਰੱਖਿਆ ਜਾਂਦਾ ਹੈ ਜਿਹੜਾ ਕਿ ਸਾਲਾਨਾ ਜਾਂ ਮਹੀਨੇ ਵਾਰ ਆਪਣੀ ਉਜ਼ਰਤ ਹਾਸ਼ਿਲ ਕਰਦਾ ਹੈ। ਸਥਾਈ ਮਜਦੂਰਾਂ ਨੂੰ ਔਸਤਨ 1915 ਰੁਪਏ ਪਤੀ ਮਹੀਨਾ ਮਜਦੂਰੀ ਦਿੱਤੀ ਜਾਂਦੀ ਹੈ। ਇਹ ਮਜਦੂਰੀ ਲੁਧਿਆਣਾ ਜਿਲ੍ਹੇ ਦੇ ਪਿੰਡਾਂ ਵਿੱਚ ਲਗਭਗ 2100 ਰੁਪਏ ਪ੍ਰਤੀ ਮਹੀਨਾ ਅਤੇ

ਅਮ੍ਰਿਤਸਰ ਜਿਲ੍ਹੇ ਦੇ ਪਿੰਡਾਂ ਵਿੱਚ ਲਗਭਗ 1593 ਰੁਪਏ ਪ੍ਰਤੀ ਮਹੀਨਾ ਹੈ। ਲੁਧਿਆਣੇ ਜਿਲ੍ਹੇ ਵਿੱਚ ਕਈ ਤਰ੍ਹਾਂ ਦੇ ਕੰਮ ਮਿਲਣ ਕਰਕੇ ਇਥੇ ਮਜਦੂਰਾਂ ਲਈ ਕੰਮ ਮਿਲ ਜਾਂਦਾ ਹੈ ਇਸੇ ਕਰਕੇ ਮੰਗ ਅਤੇ ਪੂਰਤੀ ਦੇ ਨਿਯਮ ਅਨੁਸਾਰ ਉਹ ਮੁਕਾਬਲਤਨ ਵੱਧ ਮਜਦੂਰੀ ਹਾਸ਼ਿਲ ਕਰਦੇ ਹਨ। ਪੰਜਾਬ ਵਿਚ ਔਸਤਨ ਪ੍ਰਵਾਸੀ ਮਜ਼ਦੂਰ ਲਗਭਗ 18000 ਰੁਪਏ ਸਾਲਾਨਾ ਕਮਾਉਦਾ ਹੈ। ਇਸ ਕਮਾਈ ਵਿੱਚ 1995-96 ਤੋਂ 2006-07 ਵਿੱਚ 6.27 ਪ੍ਰਤੀਸ਼ਤ ਸਾਲਾਨਾ ਦੀ ਦਰ ਕਮੀ ਆਈ ਹੈ। ਇੰਨੀ ਘੱਟ ਆਮਦਨ ਦੇ ਬਾਵਜੂਦ ਵੀ ਇਹ ਗਰੀਬ ਮਜ਼ਦੂਰ ਸਿਰਫ ਪੰਜ ਹਜ਼ਾਰ ਰੁਪਏ ਸਾਲਾਨਾ ਖਰਚ ਕਰਕੇ ਲਗਪਗ 13 ਹਜ਼ਾਰ ਰੁਪਏ ਬਚਤ ਕਰਦੇ ਹਨ। ਇਸ ਹਿਸਾਬ ਨਾਲ ਇਨ੍ਹਾ ਮਜ਼ਦੂਰਾਂ ਦੀ ਕੁਲ ਆਮਦਨ 1,142 ਕਰੋੜ ਰੁਪਏ ਅਤੇ ਕੁਲ ਖਰਚ 313 ਕਰੋੜ ਰੁਪਏ ਬਣਦਾ ਹੈ। ਇਸ ਤਰ੍ਹਾਂ ਇਹ 829 ਕਰੋੜ ਰੁਪਏ ਬਚਾ ਕੇ ਆਪਣੇ ਜੱਦੀ ਇਲਾਕੇ ਨੂੰ ਭੇਜਦੇ ਹਨ।

ਸਧਾਰਣ ਲੋਕਾਂ ਅਤੇ ਅਖੌਤੀ ਬੁੱਧੀਜੀਵੀਆਂ ਵੱਲੋ ਇਹ ਪੂਰੇ ਜੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਪ੍ਰਵਾਸੀ ਮਜ਼ਦੂਰ ਪੰਜਾਬ ਦੀ ਅਰਥ ਵਿਵਸਥਾ ਵਿਚੋਂ ਬੜੇ ਪੈਸੇ ਕਮਾ ਕੇ ਲੈ ਜਾਂਦੇ ਹਨ। ਉਹ ਪੰਜਾਬ ਦੀ ਖੇਤੀ ਅਰਥ ਵਿਵਸਥਾ ਦੇ ਸੰਕਟ ਨੂੰ ਇਸ ਗੱਲ ਨਾਲ ਬੜੇ ਜੋਰ ਦੇ ਕੇ ਜੋੜਦੇ ਹਨ ਕਿ ਕਿਸਾਨ ਤਾਂ ਕੋਈ ਕੰਮ ਨਹੀਂ ਕਰਦੇ ਅਤੇ ਉਨ੍ਹਾਂ ਦੇ ਪ੍ਰਵਾਸੀ ਮਜਦੂਰਾਂ ਤੇ ਨਿਰਭਰ ਹੋਣ ਕਰਕੇ ਹੀ ਖੇਤੀ ਅਰਥਵਿਵਸਥਾ ਸੰਕਟ ਗ੍ਰਸਤ ਹੋਈ ਪਈ ਹੈ। ਭਾਵੇ ਇਸ ਤੱਥ ਤੋ ਮੁਨਕਰ ਨਹੀਂ ਕੀਤਾ ਜਾ ਸਕਦਾ ਕਿ ਪ੍ਰਵਾਸੀ ਮਜਦੂਰਾਂ ਦੀਆਂ ਉਜਰਤਾਂ ਬਹੁਤ ਹੀ ਘੱਟ ਹੋਣ ਕਰਕੇ ਕਿਸਾਨ ਕੰਮ ਤੋਂ ਕੰਨੀ ਕਤਰਾਉਦੇ ਹਨ ਪ੍ਰੰਤੂ ਪੰਜਾਬ ਦੀ ਕਿਸਾਨੀ, ਖੇਤੀ ਅਤੇ ਉਦਯੋਗਾਂ ਦੇ ਵਿਚਕਾਰ ਵਪਾਰ ਦੀਆਂ ਸ਼ਰਤਾਂ ਅਨੁਕੂਲ ਨਾ ਹੋਣ ਕਰਕੇ ਅਤੇ ਖੇਤੀ ਸਬੰਧੀ ਨੀਤੀ ਅਢੁਕਵੀਂ ਹੋਣ ਕਰਕੇ, ਸੰਕਟ ਵਿੱਚ ਫਸੀ ਹੋਈ ਹੈ ਨਾ ਕਿ ਪ੍ਰਵਾਸੀ ਮਜਦੂਰਾਂ ਦੀ ਆਮਦ ਕਰਕੇ। ਇਸ ਸਾਲ ਪ੍ਰਵਾਸੀ ਮਜਦੂਰਾਂ ਦੀ ਆਮਦ ਘੱਟ ਹੋਣ ਕਰਕੇ ਬੜੀ ਹੀ ਹਾਹਾਕਾਰ ਮੱਚੀ ਕਿ ਪ੍ਰਵਾਸੀ ਮਜਦੂਰਾਂ ਨੂੰ ਮੌਜਾ ਲੱਗੀਆਂ ਹੋਈਆਂ ਹਨ। ਕਿਸਾਨ ਪ੍ਰਵਾਸੀ ਮਜਦੂਰਾਂ ਦੀ ਮੀਟ ਅਤੇ ਸਰਾਬ ਨਾਲ ਆਓ-ਭਗਤ ਕਰਦੇ ਹਨ, ਦਿਹਾੜੀ ਬਹੁਤ ਉੱਚੀ ਹੈ, ਪੰਜਾਬ ਨੂੰ ਇਹ ਲੋਕ ਲੁੱਟ ਕੇ ਲੈ ਜਾਣਗੇ। ਸਵਾਲ ਪੈਦਾ ਹੁੰਦਾ ਹੈ ਕਿ ਮਜਦੂਰ ਉਤਪਾਦਨ ਵਿੱਚ ਕਿੰਨਾ ਯੋਗਦਾਨ ਪਾਉਂਦੇ ਹਨ ਅਤੇ ਇਸ ਦੇ ਬਦਲੇ ਉਨ੍ਹਾਂ ਨੂੰ ਦਿੱਤੀਆ ਜਾਣ ਵਾਲੀਆਂ ਉਜਰਤਾਂ ਕਿੰਨੀਆ ਹੁੰਦੀਆ ਹਨ। ਮਾਰਕਸੀ ਸਿਧਾਂਤ ਅਨੁਸਾਰ ਇਹ ਮਜਦੂਰ ਹੀ ਹੁੰਦੇ ਹਨ ਜਿਨ੍ਹਾਂ ਦੇ ਕੰਮ ਬਦਲੇ ਵਿੱਚ ਉਨ੍ਹਾਂ ਨੂੰ ਦਿੱਤਾ ਜਾਣ ਵਾਲਾ ਇਵਜਾਨਾ ਕਾਫੀ ਘੱਟ ਹੁੰਦਾ ਹੈ। ਇਹ ਇਵਜਾਨਾ ਬਣਦੇ ਇਵਜਾਨੇ ਤੋਂ ਜਿੰਨਾ ਘੱਟ ਹੁੰਦਾ ਹੈ ਉਨ੍ਹਾਂ ਹੀ ਉਦਮੀ ਜਾਂ ਮਾਲਕ ਨੂੰ ਲਾਭ ਹੁੰਦਾ ਹੈ, ਇਸੇ ਨੂੰ ਹੀ ਮਜਦੂਰ ਦਾ ਸੋਕਿਹਾ ਜਾਂਦਾ ਹੈ। ਅਸਲ ਵਿੱਚ ਇਹ ਮਜਦੂਰ ਘੱਟ ਆਮਦਨ ਹੋਣ ਕਰਕੇ ਬਹੁਤ ਹੀ ਘੱਟ ਖਰਚ ਨਾਲ ਆਪਣੇ ਸਰੀਰ ਨੂੰ ਜੀਵਿਤ ਰੱਖਦੇ ਹਨ। ਪਿਛਲੇ ਪਰਿਵਾਰ ਦੀ ਭੁਖਮਰੀ ਹਾਲਤ ਨੂੰ ਵੇਖਕੇ ਇਹ ਢਿੱਡ ਨੂੰ ਗੰਢਾਂ ਦੇ ਕੇ ਨਿਗੁਣੇ ਜਿਹੇ ਪੈਸੇ ਬਚਾਉਂਦੇ ਹਨ। ਜਿਸ ਨੂੰ ਬੁੱਧੀਜੀਵੀਆਂ ਵੱਲੋਂ ਪੰਜਾਬ ਦੀ ਆਰਥਕਤਾ ਦੀ ਲੁੱਟ ਕਿਹਾਂ ਜਾਂਦਾ ਹੈ। ਪੀ.ਏ.ਯੁ ਦੀ ਹੀ ਇੱਕ ਹੋਰ ਤਾਜਾ ਰਿਪੋਰਟ ਅਨੁਸਾਰ ਪੰਜਾਬ ਦੇ ਖੇਤੀ ਵਿੱਚ ਲੱਗੇ ਪ੍ਰਵਾਸੀ ਮਜਦੂਰਾਂ ਦਾ ਖਾਣ-ਪੀਣ ਦਾ ਪੱਧਰ ਆਪਣੇ ਜੱਦੀ ਰਾਜਾਂ ਨਾਲੋ ਘੱਟ ਪੌਸ਼ਟਿਕ ਹੈ। ਉਨ੍ਹਾਂ ਦੱਸਿਆ ਕਿ ਉਥੇ ਉਹ ਮੀਟ ਵਗੈਰਾ ਵੀ ਖਾ ਲੈਂਦੇ ਸਨ ਪ੍ਰੰਤੂ ਇਥੇ ਮਾਸ਼ਹਾਰੀ ਭੋਜਨ ਮਹਿੰਗਾ ਹੋਣ ਕਰਕੇ ਪ੍ਰਵਾਸੀ ਮਜਦੂਰ ਇਹ ਭੋਜਨ ਖਾਣ ਬਾਰੇ ਸੋਚ ਵੀ ਨਹੀ ਸਕਦੇ। ਇਸੇ ਤਰ੍ਹਾਂ ਪ੍ਰਵਾਸੀ ਮਜ਼ਦੂਰ ਆਪਣੇ ਜੱਦੀ ਇਲਾਕਿਆਂ ਵਿਚ ਵੱਧ ਸਾਨੋ-ਸ਼ੌਕਤ ਨਾਲ ਰਹਿੰਦੇ ਸਨ। ਆਪਣੇ ਰੀਤੀ-ਰਿਵਾਜਾਂ ਅਤੇ ਤਿਉਹਾਰਾਂ ਨੂੰ ਬੜੀ ਉਤਸੁਕਤਾ ਨਾਲ ਮਨਾਉਂਦੇ ਸਨ। ਉਹ ਇਥੇ ਸਿਰਕੁਝ ਕੁ ਤਿਉਹਾਰ ਵਿਜੇ ਵਿਸ਼ਕਰਮਾ ਦਿਨ, ਦੁਰਗਾ ਪੂਜਾ ਆਦਿ ਹੀ ਬਾਖੂਬੀ ਨਾਲ ਮਨਾਉਦੇ ਹਨ। ਇਸ ਕਰਕੇ ਇਹ ਮਜ਼ਦੂਰ ਇੱਥੇ ਰਹਿ ਕੇ ਆਪਣੀ ਆਰਥਿਕ ਅਤੇ ਸਮਾਜਿਕ ਜਿੰਦਗੀ ਤੋ ਬਹੁਤਾ ਸੰਤੁਸ਼ਟ ਨਹੀ ਹਨ ਸਿਰਫ ਮਜ਼ਬੂਰੀ ਵੱਸ ਹੀ ਉਹ ਇੱਥੇ ਰਹਿ ਰਹੇ ਹਨ।


ਅਸੀ ਆਪਣੇ ਸਰਵੇ ਦੌਰਾਨ ਪ੍ਰਵਾਸੀ ਮਜਦੂਰਾਂ ਤੋ ਉਨ੍ਹਾਂ ਦੀਆਂ ਕੰਮ ਦੀਆਂ ਹਾਲਤਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਵਿਚੋਂ ਵੱਡੀ ਗਿਣਤੀ ਨੂੰ ਅੱਠ ਘੰਟੇ ਕੰਮ ਸਬੰਧੀ, ਸਿਹਤ ਸਹੂਲਤਾਂ ਸਬੰਧੀ, ਬੀਮਾਂ ਸਹੂਲਤਾਂ ਸਬੰਧੀ, ਮਜਦੂਰ ਦਿਵਸ ਅਤੇ ਮਜਦੂਰਾਂ ਦੇ ਸੰਗਠਨਾ ਬਾਰੇ ਕੋਈ ਗਿਆਨ ਨਹੀਂ ਸੀ। ਇਸ ਤੋਂ ਸਪੱਸਟ ਹੁੰਦਾ ਹੈ ਕਿ ਇਹ ਲੋਕ ਕਿੰਨੇ ਅਣਭੋਲ ਅਤੇ ਅਣਜਾਣ ਹਨ ਜਿਹੜੇ ਆਪਣੇ ਅਧਿਕਾਰਾਂ ਪ੍ਰਤੀ ਬਿਲਕੁਲ ਸੁਚੇਤ ਨਹੀ ਹਨ।

ਪ੍ਰਵਾਸੀ ਮਜ਼ਦੂਰਾਂ ਦਾ ਪੰਜਾਬ ਦੀ ਖੇਤੀ ਵਿੱਚ ਵਡਮੁੱਲਾ ਰੋਲ ਹੈ। ਜਿਥੇ ਪੰਜਾਬੀ ਲੋਕ ਇਥੇ ਆਉਣ ਵਾਲੇ ਪ੍ਰਵਾਸੀ ਮਜ਼ਦੂਰਾਂ ਨੂੰ ਘਿਰਣਾ ਕਰਦੇ ਹਨ ਉਥੇ ਉਹੀ ਵਿਅਕਤੀ ਪੰਜਾਬੀਆਂ ਦੇ ਦੂਸਰੇ ਦੇਸ਼ਾਂ ਵਿਚ ਜਾ ਕੇ ਸਥਾਪਤ ਹੋ ਜਾਣ ਨੂੰ ਬੜੇ ਹੀ ਸਤਿਕਾਰ ਨਾਲ ਵੇਖਦੇ ਹਨ। ਜਿਥੇ ਉਹ ਦੂਸਰੇ ਦੇਸ਼ ਵਿੱਚ ਜਾ ਕੇ ਮਨਿਸਟਰ, ਚੀਫ ਮਨਿਸਟਰ ਅਤੇ ਪ੍ਰਧਾਨ ਮੰਤਰੀ ਤੱਕ ਬਣਦੇ ਹਨ, ਉਥੇ ਪ੍ਰਵਾਸੀ ਮਜਦੂਰਾਂ ਨੂੰ ਆਪਣੇ ਹੀ ਦੇਸ਼ ਦੇ ਕਿਸੇ ਹਿੱਸੇ ਵਿੱਚ ਘਿਰਣਾ ਨਾਲ ਵੇਖਣਾ ਕਦਾਚਿਤ ਠੀਕ ਨਹੀਂ ਕਿਹਾ ਜਾ ਸਕਦਾ। ਕੁਝ ਮੌਲਿਕ ਰਾਜਨੀਤਕ ਤਾਕਤਾਂ ਇਨ੍ਹਾਂ ਪ੍ਰਵਾਸੀ ਮਜਦੂਰਾਂ ਨੂੰ ਸਥਾਨਕ ਮਜਦੂਰਾਂ ਜਾਂ ਕਈ ਵਾਰ ਕਿਸਾਨਾਂ ਦੇ ਵਿਰੋਧੀ ਵੀ ਦਰਸਾਉਂਦੀਆਂ ਹਨ ਤਾਂ ਕਿ ਲੋਕਾਂ ਦੀ ਆਰਥਕਤਾ ਦੇ ਸਵਾਲ ਨੂੰ ਕਿਸੇ ਹੋਰ ਪਾਸੇ ਲਾਇਆ ਜਾ ਸਕੇ। ਇਹ ਗੱਲ ਬਿਲਕੁਲ ਦਰੁਸਤ ਹੈ ਕਿ ਖੇਤੀ ਵਿੱਚ ਪ੍ਰਵਾਸੀ ਮਜਦੂਰਾਂ ਦੀ ਆਮਦਨ ਨਾਲ ਸਥਾਨਕ ਮਜਦੂਰਾਂ ਦੀ ਵੱਧ ਮਜ਼ਦੂਰੀ ਲੈਣ ਦੀ ਸੌਦੇਬਾਜੀ ਤੇ ਮਾੜਾ ਅਸਰ ਪੈਂਦਾ ਹੈ। ਫਿਰ ਵੀ ਪ੍ਰਵਾਸੀ ਮਜਦੂਰਾਂ ਦੀ ਭੂਮਿਕਾ ਨੂੰ ਅਣਗੋਲਿਆ ਨਹੀਂ ਕੀਤਾ ਜਾ ਸਕਦਾ। ਇੱਥ ਥਾਂ ਤੋਂ ਦੂਜੇ ਥਾਂ ਪ੍ਰਵਾਸ ਕਰਨਾ ਇਕ ਦਰਦਨਾਕ ਅਤੇ ਦੁਖਦਾਈ ਵਰਤਾਰਾ ਹੈ। ਆਮ ਤੌਰ ਤੇ ਵਿਅਕਤੀ ਦੂਜੇ ਥਾਂ ਤੇ ਜਾ ਕੇ ਪੌੜੀ ਦੇ ਹੇਠਲੇ ਡੰਡੇ ਤੋਂ ਆਪਣੀ ਜਿੰਦਗੀ ਸ਼ੁਰੂ ਕਰਦਾ ਹੈ ਅਤੇ ਆਪਣੀ ਸਰੀਰਕ ਕਿਰਤ ਵੇਚਕੇ ਉਤਪਾਦਨ ਪ੍ਰਕਿਰਿਆ ਵਿਚ ਮਹੱਤਵਪੂਰਨ ਹਿੱਸਾ ਪਾਉਂਦਾ ਹੈ। ਇਸ ਕਰਕੇ ਮਾਨਵਤਾ ਦੇ ਇਸ ਵਰਗ ਦੀ ਵਡਮੁੱਲੀ ਦੇਣ ਨੂੰ ਮਾਣ ਅਤੇ ਸਤਿਕਾਰ ਨਾਲ ਦੇਖਣਾ ਕਰਨਾ ਚਾਹੀਦਾ ਹੈ।

ਲੈਨਿਨ ਦੇ ਜਨਮ ਦਿਨ 'ਤੇ

- ਦਰਸ਼ਨ ਚਾਹਲ

# ਅਜੋਕੇ ਸਮਿਆਂ 'ਚ ਕੀ ਕਰਨਾ ਲੋੜੀਏ



ਲੈਨਿਨ ਇਤਿਹਾਸ ਦੀ ਅਜਿਹੀ ਗਤੀਸ਼ੀਲ ਸ਼ਖਸੀਅਤ ਸੀ ਜਿਸ ਨੇ ਆਪਣੇ ਸਮਿਆਂ ਨੂੰ ਇਸ ਤਰ੍ਹਾਂ ਦੇਖਿਆ ਕਿ ਕਦੀ ਕਾਰਲ ਮਾਰਕਸ ਆਪਣੀਆਂ ਲਿਖਤਾਂ 'ਚ ਕਿਹਾ ਕਰਦਾ ਸੀ ਕਿ ਆਪਣੇ ਸਮਾਜ ਦੀ ਹਕੀਕੀ ਤਸਵੀਰ ਨੂੰ ਸਮਝਕੇ ਉਸ ਵਿਚ ਤਬਦੀਲੀ ਕਰਨ ਵਾਲੇ ਹੀ ਇਤਿਹਾਸ ਦੇ ਅਗਵਾਂਨੂੰ ਸਾਬਤ ਹੋਣਗੇ। ਲੈਨਿਨ ਦੀ ਖੂਬਸੂਰਤੀ ਇਹ ਸੀ ਕਿ ਉਸ ਨੇ ਆਪਣੇ ਢੰਗ ਨਾਲ ਆਪਣੇ ਦੇਸ਼ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਸਮੁੱਚੇ ਵਿਕਸਿਤ ਪੂੰਜੀਵਾਦੀ ਮੁਲਕਾਂ ਦੇ ਸੰਦਰਭ ਵਿਚ ਦੇਖਿਆ। ਉਹ ਇਸ ਗੱਲੋਂ ਚਿਤੰਨ ਸੀ ਕਿ ਜਿਸ ਕਿਸਮ ਦੇ ਦੇਸ਼ ਵਿਚ ਇਨਕਲਾਬ ਕਰਨ ਦਾ ਉਸ ਨੂੰ ਮੌਕਾ ਮਿਲ ਰਿਹਾ ਹੈ ਉਹ ਅਜੇ ਉਚ ਪੱਧਰ ਦੇ ਪੂੰਜੀਵਾਦੀ ਰਿਸ਼ਤਿਆਂ ਵਿਚ ਨਹੀਂ ਵਿਕਸਿਤ ਹੋਈ। ਉਸ ਦੀਆਂ ਲਿਖਤਾਂ 'ਚੋਂ ਸਪਸ਼ਟ ਮਿਲਦਾ ਹੈ ਕਿ ਅਜਿਹੇ ਦੇਸ਼ ਵਿਚ ਇਨਕਲਾਬ ਸ਼ੁਰੂ ਕਰਨਾ ਬੜਾ ਆਸਾਨ ਹੈ ਪ੍ਰੰਤੂ ਜਿਸ ਕਿਸਮ ਨਾਲ ਇਸ ਦੇ ਭਵਿੱਖਮਈ ਰਿਸ਼ਤੇ ਕੱਢਣੇ ਪੈਣਗੇ ਉਹ ਇਕ ਬੜਾ ਵੱਡਾ ਕਠਿਨ ਕਾਰਜ ਹੋਵੇਗਾ। ਇਤਿਹਾਸ ਨੂੰ ਅਜਿਹਾ ਮਾਰਕਸਵਾਦੀ ਫਲਾਸਫੇ ਨਾਲ ਟਰਿਕ ਖੇਡਿਆ ਕਿ ਇਕ ਪਛੜੇ ਮੁਲਕ ਵਿਚ ਅਕਤੂਬਰ ਕ੍ਰਾਂਤੀ ਹੋ ਗਈ। ਹਾਲਾਂਕਿ ਆਰਥਿਕ ਪੱਧਰ 'ਤੇ ਜਰਮਨੀ ਇਥੋਂ ਤੱਕ ਯੂਰਪ ਵੀ ਇਨਕਲਾਬ ਲਈ ਸਥਿਤੀਆਂ ਦੇ ਪੱਖੋਂ ਪੱਕਿਆ ਹੋਇਆ ਸੀ ਪ੍ਰੰਤੂ ਉਥੇ ਕਿਸੇ ਵੀ ਕਿਸਮ ਦੀ ਲੈਨਿਨ ਅਤੇ ਬਾਲਸਿਵਕਾਂ ਵਰਗੀ ਦ੍ਰਿੜ ਇਨਕਲਾਬੀ ਲੀਡਰਸ਼ਿਪ ਅਤੇ ਆਗੂ ਨਹੀਂ ਸਨ ਜਿਹੜੇ ਸਮਾਜਵਾਦ ਕਰ ਸਕਦੇ। ਲੈਨਿਲ ਨੂੰ ਯਾਦ ਕਰਨਾ ਅਜੋਕੇ ਸਮੇਂ ਲਈ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਜਦੋਂ ਅਜੋਕਾ ਦੌਰ ਪੂੰਜੀਵਾਦ ਦੇ ਪੈਰਾਂ ਹੇਠ ਮਾਰਕੀਟ ਤਾਕਤਾਂ ਰਾਹੀਂ ਮਸਲਿਆ ਜਾ ਰਿਹਾ ਹੈ ਉਸ ਸਮੇਂ ਤਰ੍ਹਾਂ-ਤਰ੍ਹਾਂ ਦੀਆਂ ਆਪ ਮੁਹਾਰੀਆਂ ਲਹਿਰਾਂ ਉਠ ਰਹੀਆਂ ਹਨ ਜਿਹੜੀਆਂ ਕਿਸੇ ਨਾ ਕਿਸੇ ਰੂਪ ਵਿਚ ਸਮੇਂ ਦੀਆਂ ਹਕੂਮਤਾਂ ਨੂੰ ਚੁਣੌਤੀਆਂ ਤਾਂ ਦੇ ਰਹੀਆਂ ਹਨ ਪ੍ਰੰਤੂ ਜਿਸ ਕਿਸਮ ਦਾ ਅਕਤੂਬਰ ਇਨਕਲਾਬ ਰਾਹੀਂ ਇਕ ਨਵਾਂ ਸੰਸਾਰਕ ਮਾਡਲ ਵਿਕਸਿਤ ਕਰਨ ਦਾ ਸੁਪਨਾ ਲੈਨਿਨ ਲਿਆ ਸੀ ਅਤੇ ਪੂਰਾ ਕੀਤਾ ਸੀ ਉਸ ਵਿਚੋਂ ਅੱਜ ਵੀ ਸਬਕ ਸਿੱਖ ਕੇ ਅਸੀਂ ਸਹੀ ਸਮਝਦਾਰੀ ਆਪਣੀਆਂ ਲਹਿਰਾਂ ਵਿਚ ਸ਼ਾਮਲ ਕਰ ਸਕਦੇ ਹਾਂ। ਹਾਲਾਂਕਿ ਇਤਿਹਾਸ ਵਿਚ ਬਹੁਤ ਵੱਡੀਆਂ ਕੀਮਤਾਂ ਮਨੁੱਖਤਾ ਦੇ ਰਹੀ ਹੈ। ਉਨ੍ਹਾਂ ਦੇ ਬਦਲ ਵਜੋਂ ਇਕ ਲੈਨਿਨ ਅਤੇ ਬਾਲਸਵਿਕਾਂ ਵਰਗੀ ਨਵੀਂ ਪੂਰਾਂ ਦੀ ਪੀੜ੍ਹੀ ਵਿਕਸਿਤ ਕਰਨਾ ਕਰਨਾ ਲੈਨਿਨੀ ਜਨਮ ਦਿਨ ਦੀ ਮੁਬਾਰਕਾਵਾਦ ਹੈ।



- ਬਲਜਿੰਦਰ ਸਿੰਘ

# ਨਵੇਂ ਸਮਾਜਵਾਦੀ ਸਭਿਆਚਾਰ ਦੀ ਸਿਰਜਨਾ ਹਿੱਤ



ਪ੍ਰਸਿੱਧ ਸਾਹਿਤਕਾਰ ਲਿਊ ਤਾਲਸਤਾਏ ਅਤੇ ਮੈਕਸਿਮ ਗੋਰਕੀ ਇਤਿਹਾਸ ਨੂੰ ਨਵਾਂ ਰੂਪ ਦੇਣ ਦੀ ਇੱਛਾ ਨਾਲ ਆਪਣੇ ਸਾਧਾਰਨ ਲੋਕਾਂ ਦੀ ਜੀਵਨ ਜਾਚ ਨੂੰ ਇਨਕਲਾਬੀ ਪ੍ਰੇਰਣਾ ਵਿਚ ਵਿਕਸਿਤ ਕਰਨ ਹਿੱਤ ਆਦਾਨ ਪ੍ਰਦਾਨ ਕਰਦੇ ਹੋਏ।

"ਅਸੀਂ ਇਨਕਲਾਬੀ ਹਾਂ, ਤੇ ਓਨਾ ਚਿਰ ਇਨਕਲਾਬੀ ਹੀ ਰਹਾਂਗੇ ਜਿੰਨਾ ਚਿਰ ਕੁਝ ਲੋਕ ਸਿਵਾਏ ਹੁਕਮ ਤਾਂਟਣ ਦੇ ਹੋਰ ਕੁਝ ਨਹੀਂ ਕਰਦੇ ਤੇ ਬਾਕੀ ਲੋਕ ਸਿਵਾਏ ਕੰਮ ਦੇ ਹੋਰ ਕੁਝ ਨਹੀਂ ਕਰਦੇ।ਅਸੀਂ ਉਸ ਸਮਾਜ ਦੇ ਵਿਰੋਧੀ ਹਾਂ, ਜਿਹਦੇ ਹਿੱਤਾਂ ਦੀ ਹਿਫਾਜ਼ਦ ਕਰਨ ਲਈ ਤੁਹਾਨੂੰ ਹੁਕਮ ਮਿਲਿਆ ਹੈ; ਅਸੀਂ ਉਹਦੇ ਕੱਟੜ ਦੁਸ਼ਮਣ ਹਾਂ ਤੇ ਤੁਹਾਡੇ ਵੀ, ਤੇ ਤੁਹਾਡੇ ਸਾਡੇ ਵਿਚ ਕੋਈ ਸਮਝੌਤਾ ਓਨਾ ਚਿਰ ਸੰਭਵ ਨਹੀਂ ਜਿੰਨਾ ਚਿਰ ਅਸੀਂ ਆਪਣਾ ਸੰਗਰਾਮ ਜਿੱਤ ਨਹੀਂ ਲੈਂਦੇ, ਤੇ ਸਾਨੂੰ ਕਾਮਿਆਂ ਨੂੰ ਆਪਣੀ ਜਿੱਤ ਦਾ ਯਕੀਨ ਹੈ।ਤੁਹਾਡੇ ਮਾਲਕ ਏਡੇ ਤਕੜੇ ਨਹੀਂ ਜਿੱਡੇ ਉਹ ਸਮਝਦੇ ਨੇ। ਉਹੋ ਨਿੱਜੀ ਜਾਇਦਾਦ ਜਿਸ ਨੂੰ ਇਕੱਠਿਆਂ ਕਰਨ ਤੇ ਸਾਂਭਣ ਲਈ ਉਹ ਆਪਣੇ ਹੁਕਮ ਹੇਠ ਲਿਆਂਦੀਆਂ ਲੱਖਾਂ ਜਾਨਾਂ ਕੁਰਬਾਨ ਕਰ ਦਿੰਦੇ ਹਨ, ਉਹੋ ਤਾਕਤ ਜਿਹੜੀ ਉਹਨਾਂ ਨੂੰ ਸਾਡੇ ਉਤੇ ਕਾਬੂ ਪਾਉਣ ਦੀ ਤਾਕਤ ਦਿੰਦੀ ਹੈ, ਉਨ੍ਹਾਂ ਦੇ ਆਪਣੇ ਵਿਚ ਵੀ ਰੜਕਾਂ ਪੈਦਾ ਕਰਦੀ ਹੈ ਤੇ ਉਹਨਾਂ ਨੂੰ ਜਿਸਮਾਨੀ ਤੇ ਇਖਲਾਕੀ ਦੋਹਾਂ ਪਾਸਿਆਂ ਤੋਂ ਬਰਬਾਦ ਕਰਦੀ ਹੈ। ਨਿੱਜੀ ਜਾਇਦਾਦ ਨੂੰ ਸਾਂਭੀ ਰੱਖਣ ਦੀ ਕੀਮਤ ਬਹੁਤ ਜ਼ਿਆਦਾ ਹੈ।ਅਸਲੀਅਤ ਸਗੋਂ ਇਉਂ ਹੈ ਕਿ ਤੁਸੀਂ ਸਾਰੇ ਜਿਹੜੇ ਸਾਡੇ ਮਾਲਕ ਬਣੇ ਬੈਠੇ ਹੋ ਸਾਡੇ ਨਾਲੋਂ ਵੀ ਵਧੇਰੇ ਗੁਲਾਮ ਹੋ ਤੇ ਤੁਸੀਂ ਰੂਹਾਨੀ ਤੌਰ 'ਤੇ ਗੁਲਾਮ ਹੋ ਗਏ ਹੋ-ਤੁਸੀਂ ਆਪਣੇ ਗਲੋਂ ਆਦਤ ਤੇ ਤਅੱਸਬ ਦਾ ਜੂਲਾ ਲਾਹ ਨਹੀਂ ਸਕਦੇ, ਜਿਸ ਜੂਲੇ ਨੇ ਤੁਹਾਨੂੰ ਰੂਹਾਨੀ ਤੌਰ 'ਤੇ ਮਾਰ ਘੱਤਿਆ ਹੈ। ਪਰ ਸਾਨੂੰ ਰੂਹਾਨੀ ਪਾਸਿਓਂ ਸੁਤੰਤਰ ਰਹਿਣੋਂ ਕੋਈ ਚੀਜ਼ ਨਹੀਂ ਰੋਕ ਸਕਦੀ। ਜਿਹੜੇ ਜ਼ਹਿਰ ਤੁਸੀਂ ਸਾਨੂੰ ਖੁਆਂਦੇ ਹੋ, ਉਹ ਉਨ੍ਹਾਂ ਨਾਸ਼ਕਾਂ ਨਾਲੋਂ ਕਮਜ਼ੋਰ ਹੁੰਦੇ ਹਨ ਜਿਹੜੇ ਨਾ-ਚਾਹੁੰਦਿਆਂ ਹੋਇਆਂ ਤੁਸੀਂ ਸਾਡੇ ਮਨਾਂ ਵਿਚ ਪਾਂਦੇ ਰਹਿੰਦੇ ਹੋ। ਸਾਡੀ ਸੱਚਾਈ ਦਾ ਗਿਆਨ ਹਮੇਸ਼ਾ ਵਧਦਾ ਰਹਿੰਦਾ ਹੈ ਤੇ ਇਹ ਅਤਿ ਚੰਗੇ ਲੋਕਾਂ ਨੂੰ ਆਪਣੇ ਵੱਲ ਖਿੱਚੀ ਲਿਆ ਰਿਹਾ ਹੈ-ਉਨ੍ਹਾਂ ਸਾਰਿਆਂ ਨੂੰ ਜਿਨ੍ਹਾਂ ਆਤਮਾਵਾਂ ਸੁੱਚੀਆਂ ਨੇ-ਤੁਹਾਡੇ ਆਪਣੇ ਤਬਕੇ ਵਿਚੋਂ ਵੀ। ਆਪ ਵੇਖ ਲਵੋ-ਹੁਣ ਹੀ ਤੁਹਾਡੇ ਕੋਲ ਕੋਈ ਨਹੀਂ ਜਿਹੜਾ ਤੁਹਾਡੀ ਜਮਾਤ ਦੇ ਅਸੂਲਾਂ ਦੀ ਵਕਾਲਤ ਕਰ ਸਕੇ; ਤੁਸੀਂ ਉਹ ਦਲੀਲਾਂ ਮੁਕਾ ਬੈਠੇ ਹੋ ਜਿਹੜੀਆਂ ਇਤਿਹਾਸਕ ਇਨਸਾਫ਼ ਦੇ ਦਰੜਦੇ ਦਬਾਓ ਤੋਂ ਤੁਹਾਨੂੰ ਬਚਾ ਸਕਣ, ਤੁਸੀਂ ਕੋਈ ਨਵੇਂ ਖਿਆਲ ਪੈਦਾ ਕਰਨੋਂ ਅਸਮਰਥ ਹੋ, ਤੁਸੀਂ ਰੂਹਾਨੀ ਤੌਰ 'ਤੇ ਬਿਲਕੁਲ ਨਖਾਖਰੇ ਹੋ ਗਏ ਹੋ। ਸਾਡੇ ਖਿਆਲ ਵਿਕਾਸ ਕਰ ਰਹੇ ਹਨ, ਤਾਕਤ ਪਕੜ ਰਹੇ ਹਨ, ਜਨਤਾ ਨੂੰ ਪਰੇਰ ਰਹੇ ਹਨ ਤੇ ਆਜ਼ਾਦੀ ਦੇ ਸੰਗਰਾਮ ਲਈ ਲਾਮਬੰਦ ਕਰ ਰਹੇ ਹਨ।ਜਿਹੜਾ ਵੱਡਾ ਕਰਤੱਵ ਮਜ਼ਦੂਰ ਜਮਾਤ ਨੇ ਨਿਭਾਣਾ ਹੈ ਉਹਦਾ ਗਿਆਨ ਸਾਰੀ ਦੁਨੀਆ ਦੇ ਕਾਮਿਆਂ ਨੂੰ ਇਕ ਮਹਾਨ ਤਾਕਤ ਵਿਚ ਇਕ ਜੋੜ ਕਰ ਰਿਹਾ ਹੈ, ਤੇ ਤੁਹਾਡੇ ਕੋਲ ਸਿਵਾਏ ਬੇਰਹਿਮੀ ਤੇ ਮਸਕਰੀ ਦੇ ਇਸ ਨੌਜਵਾਨੀ ਨੂੰ-ਜਿਹੜੇ ਕਾਮੇ ਦੁਨੀਆ ਉਤੇ ਲਿਆ ਰਹੇ ਹਨ-ਰੋਕਣ ਲਈ ਕੁਝ ਵੀ ਨਹੀਂ ਹੈ; ਪਰ ਮਸ਼ਕਰੀ ਬੜੀ ਪ੍ਰਤੱਖ ਹੈ ਤੇ ਬੇਰਹਿਮੀ ਖਿੜਾਂਦੀ ਹੈ।ਜਿਹੜੇ ਹੱਥ ਅੱਜ ਸਾਡੇ ਗਲੇ ਘੁੱਟ ਰਹੇ ਨੇ ਉਹ ਕੱਲ੍ਹ ਨੂੰ ਦੋਸਤਾਨਾ ਗਲਵਕੜੀ ਵਿਚ ਸਾਡੇ ਵੱਲ ਵਧਣਗੇ। ਤੁਹਾਡੀ ਤਾਕਤ ਸਿਰਫ਼ ਸੋਨਾ ਜੋੜਨ ਦੀ ਮਸ਼ੀਨੀ ਤਾਕਤ ਹੈ; ਇਹ ਤੁਹਾਡੀ ਧੜਿਆਂ ਵਿਚ ਵੰਡੀ ਜਾ ਰਹੀ ਹੈ, ਜਿਹੜੇ ਧੜੇ ਇਕ ਦੂਜੇ ਨੂੰ ਹੜੱਪ ਕਰ ਜਾਣਗੇ। ਸਾਡੀ ਸ਼ਕਤੀ ਦਾ ਨਿਰਭਰ ਸਾਰੇ ਕਾਮਿਆਂ ਦੀ ਏਕਤਾ ਦੇ ਸਦਾ ਵਧਦੀ ਤੇ ਜੀਵਨ ਭਰੀ ਚੇਤਨਤਾ ਉਤੇ ਹੈ।ਜੋ ਕੁਝ ਤੁਸੀਂ ਕਰ ਰਹੇ ਹੋ ਸਭ ਦੋਸ਼ ਭਰਪੂਰ ਹੈ, ਕਿਉਂਕਿ ਇਹ ਲੋਕਾਂ ਨੂੰ ਗੁਲਾਮ ਬਣਾਂਦਾ ਹੈ।ਤੁਹਾਡੇ ਝੂਠਾਂ, ਲਾਲਚਾਂ ਤੇ ਸ਼ਰਾਰਤਾਂ ਨੇ ਲੋਕਾਂ ਨੂੰ ਡਰਾਈ ਰੱਖਣ ਲਈ ਸ਼ੈਤਾਨਾਂ ਤੇ ਜਮਦੂਤਾਂ ਦੀ ਦੁਨੀਆ ਬਣਾ ਧਰੀ ਹੈ।ਇਨ੍ਹਾਂ ਜਮਦੂਤਾਂ ਕੋਲੋਂ ਲੋਕਾਂ ਨੂੰ ਬਚਾਣਾ ਹੁਣ ਸਾਡਾ ਫਰਜ਼ ਹੋ ਗਿਆ ਹੈ। ਤੁਸਾਂ ਆਦਮੀ ਨੂੰ ਜ਼ਿੰਦਗੀ ਨਾਲੋਂ ਨਿਖੇੜ ਕੇ ਬਰਬਾਦ ਕਰ ਦਿੱਤਾ ਹੈ, ਸਾਂਝੀਵਾਲਤਾ ਤੁਹਾਡੀ ਬਰਬਾਦ ਕੀਤੀ ਦੁਨੀਆ ਨੂੰ ਫੜਕੇ ਇਕ ਮਹਾਨ ਪੂਰਨਤਾ ਵਿਚ ਫੇਰ ਉਸਾਰੇਗੀ, ਤੇ ਇਹਨੂੰ ਰੋਕਣ ਲਈ ਤੁਸੀਂ ਕੁਝ ਨਹੀਂ ਕਰ ਸਕੋਗੇ।"

- ਡਾ. ਕੁਲਦੀਪ ਸਿੰਘ







# ਪੰਜਾਬੀ ਭਾਸ਼ਾ ਦਾ ਸਵਾਲ ਗਲੋਬਲੀ ਸੰਦਰਭ 'ਚ

ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੀ ਖੂਬਸੂਰਤੀ ਇਹ ਹੈ ਕਿ ਹਰੇਕ ਵਰ੍ਹੇ ਪੰਜਾਬ ਅਤੇ ਪੰਜਾਬੀ ਨਾਲ ਸਬੰਧਤ ਸਵਾਲਾਂ ਨੂੰ ਆਧੁਨਿਕ ਸਥਿਤੀਆਂ ਦੇ ਪ੍ਰਸੰਗ ਵਿਚ ਉਭਾਰਨ ਅਤੇ ਸਮਝ ਹਿੱਤ ਤਿੰਨ ਰੋਜ਼ਾ ਸੈਮੀਨਾਰ ਕਰਵਾਉਣ ਦਾ ਮਾਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਹਾਸਲ ਕਰਦੀ ਹੈ। ਇਸ ਵਾਰੀ ਪੰਜਾਬੀ ਨਾਲ ਸਬੰਧਤ ਵੱਖ ਵੱਖ ਮਸਲਿਆਂ ਤੋਂ ਇਲਾਵਾ ਪੰਜਾਬ ਦੇ ਸਮਾਜਿਕ, ਆਰਥਿਕ ਮਸਲਿਆਂ ਪ੍ਰਤੀ ਬੌਧਿਕ ਚੇਤਨਾ ਵਿਕਸਿਤ ਕਰਨ ਲਈ ਇਹ ਸੈਮੀਨਾਰ ਕਾਰਗਰ ਸਾਬਤ ਹੋਇਆ ਹੈ ਜਿਸ ਵਿਚ ਟਰਾਂਟੋ ਤੋਂ ਨਵਤੇਜ ਭਾਰਤੀ ਨੇ ਵਿਚਾਰ ਪ੍ਰਸਤੁਤ ਕਰਦਿਆਂ ਕਿਹਾ ਗਲੋਬਲਮਈ ਜੀਵਨ ਕਈ ਪਰਕਾਰ ਦੇ ਹਨ। ਜਿਨ੍ਹਾਂ ਦੇ ਪਰਿਪੇਖ ਵਿੱਚ ਪਰਵਾਸੀ ਸਾਹਿਤ ਦੀ ਪ੍ਰੀਭਾਸ਼ਾ ਕਰਨੀ ਇਤਨੀ ਆਸਾਨ ਨਹੀਂ ਹੈ। ਕੋਈ ਲੇਖਕ ਘਰ ਬੈਠਾ ਵੀ ਪਰਵਾਸ ਭੋਗ ਸਕਦਾ ਹੈ ਅਤੇ ਦੂਸਰਾ ਪਰਦੇਸ ਵਿੱਚ ਬੈਠਕੇ ਵੀ ਆਪਣੇ ਸੱਭਿਆਚਾਰ ਨਾਲ਼ ਜੁੜਿਆ ਰਹਿੰਦਾ ਹੈ।ਅਸਲ ਵਿੱਚ ਪਰਵਾਸੀ ਸਾਹਿਤ ਤਾਂ ਉਹ ਹੈ ਜੋ ਸੱਭਿਆਚਾਰਕ, ਮਾਨਸਿਕ ਪਰਵਾਸ ਵਿੱਚੋਂ ਉੱਗਿਆ ਹੋਵੇ। ਇਸੇ ਤਰ੍ਹਾਂ ਪ੍ਰਸਿੱਧ ਲੇਖਕ ਇਕਬਾਲ ਰਾਮੂਵਾਲੀਆ ਨੇ ਕਿਹਾ ਕਿ ਪੰਜਾਬੀ ਆਪਣੀਆਂ ਚਾਰ ਧੁਨੀਆਂ ਨੂੰ ਭੁੱਲ ਦੇ ਜਾ ਰਹੇ ਹਨ। ਜਿਸ ਦੇ ਕਾਰਨ ਜੇ ਕੋਈ ਪੱਛਮੀਂ ਦੇਸ਼ਾਂ ਵਿੱਚ ਜਾਂਦਾ ਵੀ ਹੈ ਤਾਂ ਉਸਨੂੰ ਅੰਗਰੇਜ਼ੀ ਉਚਾਰਨ ਠੀਕ ਬੋਲਣ ਦੀ ਬੜੀ ਹੀ ਔਕੜ ਆਉਂਦੀ ਹੈ। ਪੰਜਾਬ ਦੇ ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਇਨ੍ਹਾਂ ਧੁਨੀਆਂ ਦੀ ਸਹੀ ਸਿੱਖਿਆ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਵਰਿਆਮ ਸਿੰਘ ਸੰਧੂ ਨੇ ਕਿਹਾ ਪ੍ਰਿੰਸੀਪਲ ਸਰਵਣ ਸਿੰਘ ਜੀ ਪਰਦੇਸ ਬੈਠ ਕੇ ਵੀ ਬਹੁਤ ਹੀ ਵਧੀਆ ਵਾਰਤਕ ਲਿਖ ਰਹੇ ਹਨ। ਉਨ੍ਹਾਂ ਨੂੰ ਪੰਜਾਬੀ ਕਹਾਣੀ ਵੱਲ ਵੀ ਮੋੜਾ ਕੱਟਣਾ ਚਾਹੀਦਾ ਹੈ। ਟੋਰਾਂਟੋ ਵਿੱਚ ਰਛਪਾਲ ਕੌਰ ਜੋ ਬੱਚਿਆਂ ਦੇ ਸਕੂਲੀ ਜੀਵਨ ਸਬੰਧੀ ਬਹੁਤ ਹੀ ਉੱਤਮ ਕਹਾਣੀਆਂ ਲਿਖ ਰਹੀ ਹੈ, ਉਸਦਾ ਆਪਣਾ ਸਾਰਾ ਜੀਵਨ ਬਤੌਰ ਇੱਕ ਸਕੂਲ ਟੀਚਰ ਜੁੜਿਆ ਹੋਇਆ ਹੈ। ਉਸਦੀਆਂ ਕਹਾਣੀਆਂ ਪੜ੍ਹਨ ਯੋਗ ਹਨ। ਜੋ ਕੈਨੇਡਾ ਦੇ ਸਕੂਲੀ ਵਾਤਾਵਰਨ ਦਾ ਬਹੁਤ ਹੀ ਸੁੰਦਰ ਚਿਤਰਨ ਹੈ। ਇਸੇ ਤਰ੍ਹਾਂ ਜਰਨੈਲ ਸਿੰਘ ਕਹਾਣੀਕਾਰ ਨੇ ਕਿਹਾ ਕਿ ਉਨ੍ਹਾਂ ਨੇ ਕੈਨੇਡਾ ਵਿੱਚ ਵੱਖੋ ਵੱਖ ਧਰਾਤਲ ਉੱਤੇ ਅਤੇ ਨਵੇਕਲੇ ਵਿਸ਼ੇ ਲੈ ਕੇ ਲਿਖੀਆਂ ਗਈਆਂ ਪੰਜਾਬੀ ਕਹਾਣੀਆਂ ਅਤੇ ਉਨ੍ਹਾਂ ਦੇ ਕਹਾਣੀਕਾਰਾਂ ਦਾ ਹਵਾਲਾ ਦਿੱਤਾ। ਜਿਨ੍ਹਾਂ ਕਹਾਣੀਆਂ ਨਾਲ਼ ਗਲੋਬਲ ਸਰੋਕਾਰ ਜੁੜੇ ਹੋਏ ਹਨ। ਕੰਪਿਊਟਰ ਖੇਤਰ ਦੀ ਅਹਿਮ ਸ਼ਖਸੀਅਤ ਕਿਰਪਾਲ ਸਿੰਘ ਪੰਨੂੰ ਨੇ ਕਿਹਾ ਕਿ ਪੰਜਾਬੀ ਨੂੰ ਸਮੇਂ ਦਾ ਹਾਣੀ ਬਣਾਈ ਰੱਖਣ ਲਈ ਪੰਜਾਬੀ ਕੰਪਿਊਟਰ ਦਾ ਵਿਕਾਸ ਕਰਨਾ ਜ਼ਰੂਰੀ ਹੈ। ਜਿਸ ਦੇ ਲੂੰ-ਲੂੰ ਵਿੱਚ ਗੁਰਮੁਖੀ ਲਿੱਪੀ ਰਚੀ ਹੋਈ ਹੋਵੇ। ਉਸਦੇ ਮੀਨੂੰ ਬਾਰ, ਗੱਲਬਾਤੀ ਬਕਸੇ, ਵਰਤੋਂਕਾਰ ਨਾਲ਼ ਸੰਵਾਦ ਸਾਰੇ ਦਾ ਸਾਰਾ ਗੁਰਮੁਖੀ ਵਿੱਚ ਤਾਂ ਹੋਵੇ ਹੀ ਹੋਵੇ, ਇਸ ਦੇ ਨਾਲ਼ ਸ਼ਬਦ ਬੀੜਨ ਲਈ ਸ਼ਬਦਜੋੜ ਕੋਸ਼, ਸਮਅਰਥੇ, ਵਿਰੋਧੀਅਰਥੇ ਸ਼ਬਦ, ਅਨੁਵਾਦ ਲਈ ਅੰਗਰੇਜ਼ੀ-ਪੰਜਾਬੀ ਅਤੇ ਪੰਜਾਬੀ-ਅੰਗਰੇਜ਼ੀ ਕੋਸ਼ ਵੀ ਹੋਣ। ਇਸ ਪਾਸੇ ਪੰਜਾਬ ਸਰਕਾਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਆਦਿ ਨੂੰ ਧਿਆਨ ਦੇਣਾ ਚਾਹੀਦਾ ਹੈ। ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਦ੍ਰਿਸ਼ਟੀ ਟਵੰਟੀ-ਟਵੰਟੀ (2020) ਆਪਣੇ ਪੰਜਾਬੀ ਵਿਭਾਗ ਦੇ ਡਾਕਟਰ ਪਰੋਗਰਾਮਰ ਰਾਜਵਿੰਦਰ ਸਿੰਘ ਨੂੰ ਗੁਰਮੁਖੀ ਬੀੜਨਹਾਰ ਤਿਆਰ ਕਰਨ ਦਾ ਕਾਰਜ ਭਾਰ ਦਿੱਤਾ ਹੈ। ਕਹਾਣੀਕਾਰ ਮੇਜਰ ਮਾਂਗਟ ਨੇ ਕਿਹਾ ਕਿ ਅੰਗਰੇਜ਼ੀ ਸੱਭਿਆਚਾਰ ਰਲਗੱਡ ਹੋਏ ਪੰਜਾਬੀ ਸੱਭਿਆਚਾਰ ਨੂੰ ਚਿਤਰਾਉਣ ਵੇਲ਼ੇ ਆ ਰਹੀ ਪਾਤਰ ਗੱਲਬਾਤ ਸਮੇਂ ਸਮੱਸਿਆ ਦਾ ਵਿਸਥਾਰ ਨਾਲ਼ ਵਰਨਣ ਕੀਤਾ। ਕਿ ਕੀ ਅੰਗਰੇਜ਼ੀ ਬੋਲਦੇ ਸੱਭਿਆਚਾਰ ਵਿੱਚੋਂ ਆਏ ਪਾਤਰ ਦੀ ਸਾਰੀ ਦੀ ਸਾਰੀ ਗੱਲਬਾਤ ਅੰਗਰੇਜ਼ੀ ਵਿੱਚ ਲਿਖੀ ਜਾਵੇ ਜਾਂ ਪੰਜਾਬੀ ਵਿੱਚ ਜਾਂ ਫਿਰ ਮਿਲਗੋਭਾ ਭਾਸ਼ਾ ਵਿੱਚ। ਅੰਗਰੇਜ਼ੀ ਵਿੱਚੋਂ ਪੰਜਾਬੀ ਪਾਤਰਾਂ ਵੱਲੋਂ ਬੋਲੇ ਜਾਂਦੇ ਸ਼ਬਦਾਂ ਨੂੰ ਕਿਵੇਂ ਵਖਰਾਇਆ ਜਾਵੇ। ਜਿਵੇਂ ਕਿ ਵੀਕ ਐਂਡ ਅਤੇ ਐਂਡ , ਸੈਂਡ ਤੇ ਸੈਂਡ , ਲੈਂਡ ਤੇ ਲੈਂਡ ਆਦਿ ਨੂੰ। ਕਿਉਂਕਿ ਦੁਲਾਵਾਂ ਨਾਲ਼ ਟਿੱਪੀ ਪਾਉਣ ਦਾ ਰਿਵਾਜ਼ ਨਹੀਂ ਹੈ, ਕਿਉਂਕਿ ਸ਼ਾਇਦ ਹੀ ਕੋਈ ਅਜੇਹਾ ਪੰਜਾਬੀ ਸ਼ਬਦ ਹੋਵੇ ਜਿਸ ਵਿੱਚ ਦੁਲਾਵਾਂ ਦੇ ਨਾਲ਼ ਟਿੱਪੀ ਪਾਉਣ ਦੀ ਲੋੜ ਹੋਵੇ। ਪਰ ਹੁਣ ਅੰਗਰੇਜ਼ੀ ਵਿੱਚੋਂ ਬਹੁਤ ਸਾਰੇ ਆਏ ਹੋਏ ਸ਼ਬਦ, ਆਪਣੇ ਅਰਥ ਸਪਸ਼ਟ ਕਰਨ ਲਈ, ਦੁਲਾਵਾਂ ਨਾਲ਼ ਟਿੱਪੀ ਦੀ ਮੰਗ ਕਰਦੇ ਹਨ। ਇਸ ਨੁਕਤੇ ਸਬੰਧੀ ਵੀ ਯੂਨੀਵਰਸਿਟੀਆਂ ਨੂੰ ਸੇਧ ਦੇਣ ਦੀ ਲੋੜ ਹੈ। ਇਹ ਕਾਨਫਰੰਸ ਸੱਚ ਮੁੱਚ ਹੀ ਇੰਟਰਨੈਸ਼ਨਲ ਪੰਜਾਬੀ ਕਾਨਫਰੰਸ ਸੀ। ਇਸ ਵਿੱਚ ਬਹੁਤ ਸਾਰੇ ਵਿਦੇਸ਼ਾਂ ਵਿੱਚੋਂ ਆਏ ਪੰਜਾਬੀਆਂ ਨੇ ਆਪਣੇ ਵਿਚਾਰ ਪਰਗਟ ਕੀਤੇ। - ਲਛਮਣ ਸਿੰਘ ਅਮਰੀਕਾ, ਅਜੀਤ ਸਿੰਘ ਰਾਹੀ ਹਾਲੈਂਡ, ਬਲਬੀਰ ਕੌਰ ਸੰਘੇੜਾ, ਲਾਲ ਸਿੰਘ ਸੰਘੇੜਾ, ਸੁਦਾਗਰ ਸਿੰਘ ਬਰਾੜ, ਪੂਰਨ ਸਿੰਘ ਪਾਂਧੀ, ਪ੍ਰਿੰਸੀਪਲ ਸਰਵਣ ਸਿੰਘ ਸਾਰੇ ਕੈਨੇਡਾ ਸਨ। ਜਿਸ ਕਿਸਮ ਨਾਲ ਵਿਦੇਸ਼ਾਂ ਵਿਚ ਪੰਜਾਬੀ ਆਪਣੇ ਅਤੀਤ ਦੇ ਇਤਿਹਾਸ ਰਾਹੀਂ ਬੜਾ ਕੁਝ ਹਾਸਲ ਕਰ ਰਹੇ ਹਨ ਉਮੀਦ ਹੈ ਕਿ ਉਨ੍ਹਾਂ ਦੇ ਵਾਰਸ ਵੀ ਹਾਸਲ ਕਰਨਗੇ।

- ਰਾਕੇਸ਼ ਰੀਤਾ

ਗੁਰਸ਼ਰਨ ਭਾਅ ਜੀ ਦੀ ਸਮੁੱਚੀ ਜੀਵਨ ਯਾਤਰਾ ਵਿਚ ਉਨ੍ਹਾਂ ਦਾ ਪ੍ਰਾਇਮਰੀ ਜਮਾਤ ਦਾ ਵਿਦਿਆਰਥੀ ਬੁਧੂਆ ਅਜਿਹਾ ਸੰਗੀ ਸਾਥੀ ਬਣਿਆ ਰਿਹਾ ਜਿਸ ਰਾਹੀਂ ਗੁਰਸ਼ਰਨ ਭਾਅ ਜੀ ਅਜੋਕੇ ਸਮਾਜ ਨੂੰ ਦੇਖਦੇ ਰਹੇ ਕਿ ਜਿਨ੍ਹਾਂ ਕੋਲ ਕੁਝ ਵੀ ਨਹੀਂ ਹੁੰਦਾ ਉਹ ਕਿਸ ਕਿਸਮ ਨਾਲ ਆਪਣੇ ਹੁਨਰ ਨੂੰ ਹੌਲੀ ਹੌਲੀ ਗਵਾ ਦਿੰਦੇ ਨੇ।ਉਨ੍ਹਾਂ ਦਾ ਹੁਨਰ ਆਪਣੇ ਢਿੱਡ ਦੀ ਪੂਰਤੀ ਤੱਕ ਸਿਮਟ ਜਾਂਦਾ ਹੈ।ਉਹ ਆਪਣੀ ਸਮੁੱਚੀ ਜੀਵਨ ਯਾਤਰਾ ਦੇ ਦੌਰਾਨ ਜਦੋਂ ਵੀ ਕਿਸੇ ਵੀ ਪਲ ਜਜ਼ਬਾਤੀ ਅਤੇ ਭਾਵੁਕ ਹੋ ਜਾਂਦੇ ਸਨ ਤਾਂ ਉਨ੍ਹਾਂ ਦੀ ਇਸ ਭਾਵੁਕਤਾ ਪਿਛੇ ਬੁਧੂਆ ਦਾ ਬੜਾ ਯੋਗਦਾਨ ਰਿਹਾ ਹੈ।ਇਹ ਉਹ ਬੁਧੂਆ ਸੀ ਜਿਹੜਾ ਗੁਰਸ਼ਰਨ ਭਾਅ ਜੀ ਦੇ ਨਾਲ ਵਾਲੀ ਡੈਸਕ 'ਤੇ ਬੈਠਾ ਹੁੰਦਾ ਸੀ ਅਤੇ ਉਸ ਦੀ ਲਿਖਾਈ ਜਿਵੇਂ ਕਿਸੇ ਨੇ ਫੱਟੀ ਉਪਰ ਮੋਤੀ ਬਿਖੇਰੇ ਹੋਣ।ਉਸ ਕਿਸਮ ਦੀ ਹੁੰਦੀ ਸੀ।ਉਹ ਆਪਣੇ ਪੜ੍ਹਾਈ ਥੁੜ੍ਹਾਂ ਕਾਰਨ ਅਗਾਂਹ ਜਾਰੀ ਨਹੀਂ ਰੱਖ ਸਕਿਆ।ਉਸ ਨੂੰ ਆਪਣੇ ਪੇਟ ਪਾਲਣ ਲਈ ਆਪਣੇ ਪਿਤਾ ਪੁਰਖੀ ਕਿੱਤੇ ਵਿਚ ਜਾਣਾ ਪਿਆ ਅਤੇ ਉਹ ਇਕ ਜਮ੍ਹਾਂਦਾਰ ਦੀ ਨੌਕਰੀ ਤੱਕ ਸੀਮਤ ਹੋ ਗਿਆ।ਗੁਰਸ਼ਰਨ ਭਾਅ ਜੀ ਨੂੰ ਇਹ ਗੱਲ ਅੰਦਰੋਂ ਬੇਚੈਨ ਕਰਦੀ ਸੀ ਕਿ ਬੁਧੂਆ ਇਕ ਅਜਿਹਾ ਹੋਣਹਾਰ ਵਿਦਿਆਰਥੀ ਸੀ ਜਿਸ ਨੇ ਆਪਣੇ ਮੋਤੀਆਂ ਵਰਗੇ ਸ਼ਬਦਾਂ ਰਾਹੀਂ ਬੜੀਆਂ ਮੰਜ਼ਿਲਾਂ ਤੈਅ ਕਰਨੀਆਂ ਸਨ।ਇਹ ਸਥਿਤੀ ਸਮਾਜਿਕ ਗੈਰ ਬਰਾਬਰੀ ਕਾਰਨ ਉਪਜੀ ਹੋਈ ਹੈ ਜਦ ਤੱਕ ਗੈਰ ਬਰਾਬਰੀ ਸਮਾਜ ਵਿਚ ਰਹੇਗੀ ਤਦ ਤੱਕ ਮੋਤੀਆ ਵਾਂਗ ਸ਼ਬਦਾਂ ਨੂੰ ਸਿਰਜਣ ਵਾਲੇ ਬੁਧੂਆ ਆਪਣੇ ਪੇਟ ਲਈ ਆਪਣੀਆਂ ਕਲਾਵਾਂ ਨੂੰ ਸਦਾ ਲਈ ਅਲਵਿਦਾ ਕਹਿ ਦੇਣਗੇ। ਇਸ ਗੈਰ ਬਰਾਬਰੀ ਵਾਲੇ ਸਮਾਜ ਨੂੰ ਬਦਲਣ ਲਈ ਲਗਾਤਾਰ ਇਕ ਇਸ ਕਿਸਮ ਦੀ ਸੰਵੇਦਨਮਈ ਸੋਝੀ ਦੀ ਜ਼ਰੂਰਤ ਹੈ ਜਿਹੜੀ ਮਨੁੱਖ ਨੂੰ ਗੈਰ ਬਰਾਬਰੀ ਵਾਲੇ ਸਮਾਜ ਨੂੰ ਖਤਮ ਕਰਨ ਦੀ ਦਿਸ਼ਾ ਵਿਚ ਸੋਚਣ ਦਾ ਢੰਗ ਦਿੰਦੀ ਰਹੇ।ਇਸ ਇੱਛਾ ਦੀ ਪੂਰਤੀ ਹਿੱਤ ਇਹ ਕਵਿਤਾ ਤੁਹਾਡੇ ਸਨਮੁੱਖ ਹੈ ।– ਸੰਪਾਦਕ

## ਬੁਧੂਆ

ਉਹ ਤੇ ਬੁਧੂਆ 'ਕਠੇ ਪੜ੍ਹਦੇ
ਖੁਸਖਤ ਲਿਖਣ ਲਈ ਹੰਭਲੇ ਕਰਦੇ
ਬੁਧੂਆ ਚੁਣ ਚੁਣ ਸ਼ਬਦ ਬਣਾਉਂਦਾ
ਫੱਟੀ ਸੁਚੇ ਮੋਤੀਆਂ ਸ਼ੰਗ ਸਜਾਉਂਦਾ
ਉਰਦੂ ਅਰਬੀ ਜਾਂ ਪੰਜਾਬੀ
ਸ਼ਬਦਾਂ ਐਸੀ ਬਣਤਰ ਬਣਾਉਦਾ
ਅਧਿਆਪਕ ਬੇਹੱਦ ਖੁਸ਼ੀ ਮਨਾਉਂਦਾ
ਸਭ ਬੱਚਿਆਂ ਦਾ ਧਿਆਨ ਕਰਾਕੇ
ਐਸੇ ਸ਼ਬਦ ਪਾਉਣ ਦਾ ਵਲ ਸਿਖਾਉਂਦਾ
ਫੇਰ ਸਮਾਂ ਇਕ ਐਸਾ ਆਇਆ
ਫੱਟੀ ਛੁਟੀ ਹੱਥ ਝਾੜੂ ਆਇਆ
ਬਾਲ ਬੁਧੂਆ ਬਚਪਨ ਜਵਾਨੀਆਂ ਛਡ
ਦਿਨਾ 'ਚ ਅਧਖੜ ਮਨੱਖ ਬਣਾਇਆ
ਇਕ ਦਿਨ ਭਾਜੀ ਜਾਵੇ ਸਾਇਕਲ ਭਜਾਈ
ਅਚਾਨਕ ਕਿਸੇ ਤੇ ਨਜ਼ਰ ਟਿਕਾਈ
ਅਣਗੌਲਿਆ 'ਚ ਵਾਟ ਮੁਕਾਈ
ਪਿਛੋਂ ਕੰਨ ਵਲੇਲ ਸੀ ਆਈ
ਕਾਕਾ ਜੀ ਕਾਕਾ ਜੀ ਦਿਤਾ ਸੁਣਾਈ
ਜਦ ਪਿਛੇ ਨਜ਼ਰ ਘੁੰਮਾਈ
ਬਸ ਫਿਰ ਕੀ ਸੀ
ਮੋਤੀਆ ਵਾਲੀ ਫੱਟੀ ਯਾਦ ਆਈ
ਇਹ ਤੂੰ ਕੀ ਸਕਲ ਬਣਾਈ
ਕਿੱਥੇ ਰੁਲ ਗਏ ਤੇਰੇ ਸੁੱਚੇ ਮੋਤੀ
ਕਿਉਂ ਤੂੰ ਝਾੜੂ ਸੰਗ ਦੋਸਤੀ ਪਾਈ
ਘਾਈਆਂ ਦੇ ਪੁੱਤਰਾਂ ਘਾਹ ਖੋਤਨਾ
ਜਮਾਂਦਾਰਾ ਕਰਨੀ ਸਫਾਈ
ਇਹੋ ਰੀਤ ਹੈ ਏਸ ਜੱਗ ਦੀ
ਸਾਡੇ ਕਰਮਾਂ ਕਿੱਥੇ ਪੜ੍ਹਾਈ
ਇਹ ਗਲ ਮਨ ਨੂੰ ਖਹਿ ਗਈ
ਬੁਧੂਏ ਦੀ ਤਸਵੀਰ ਦਿਲ 'ਚ ਲਹਿ ਗਈ
ਉਸ ਦਾ ਕੁਝ ਕਰ ਨਾ ਸਕਿਆ
ਪਰ ਆਪਣੀ ਖੁਸ਼ੀ ਵੀ ਜਰ ਨਾ ਸਕਿਆ
ਇਕ ਅਜੀਬ ਬਦਲਾਅ ਸੀ ਆਇਆ
ਸੋਚਾਂ ਨੂੰ ਅਮਲੀਜਾਮਾ ਪਹਿਨਾਇਆ
ਛੱਡ ਮਖਮਲੀ ਰਾਹਾਂ ਨੂੰ
ਰਾਹ ਕੰਢਿਆਂ ਦਾ ਅਪਨਾਇਆ
ਆਓ ਅਸੀਂ ਵੀ ਉਸਦੇ
ਰਸਤੇ ਵਲ ਕਦਮ ਵਧਾ ਲਈਏ
ਛੋਟੀਆਂ ਛੋਟੀਆਂ ਟੁਕੜੀਆਂ ਤੋਂ
ਕਾਫਲਾ ਇਕ ਬਣਾ ਲਈਏ
ਮੋਤੀ ਨਾ ਬਿਖਰਨ ਕਿਸੇ ਬੁਧੂਏ ਦੇ
ਉਹਦਾ ਜੀਵਨ ਸਵਰਗ ਬਣਾ ਦੇਈਏ
ਖਤਮ ਕਰ 'ਕਰਮਾਂ' ਦੇ ਚੋਰਾਂ ਨੂੰ
ਅਸਲੀ ਕਰਮਾਂ ਦਾ ਫਲ ਦਵਾ ਦੇਈਏ



DIZONE CONSTRUCTION

We fulfill your needs

# DiZONE CONSTRUCTION

WE DESIGN & BUILD

EXPERIENCED PROFESSIONAL TEAM OF BUILDERS

- CONSULTATION
- PROJECT MANAGEMENT
- DRAWING PLANS
- CITY PLAN APPROVALS
- DEMOLITION/ RENOVATIONS
- ADDITIONS & EXTENSIONS
- BASEMENT EXPANSION
- DECKS & PATIOS
- LANDSCAPING +

CUSTOM BUILT DESIGNED PROJECTS

COMMERCIAL, RESIDENTIAL & INDUSTRIAL

FOR FREE CONSULTATION CALL

SPECIALIZE IN MEDICAL OFFICES - PHARMACIES - SPAS - RETAIL OUTLETS + MORE

**416-833-2162**

dizoneconstruction@gmail.com


www.dizoneconstruction.com

**Tri-City**

Professional Realty Inc. Brokerage.

**Paul Dosanjh**

Sales Representative
Since 1987 on Full Time Basis
Aiming straight with honesty and integrity
Dir : 416-254-7573
Email : pdosanjh2005@yahoo.com
Off. : 905-793-5777



*Avtar Singh Kamboj*

Sales Representative

Sutton

Direct : 416.319.9830

Sutton Group - Commitment Realty Ltd. BROKERAGE
Independently Owned & Operated
45 Woodbine Downs Blvd., Unit #3
Toronto, Ontario M9W 6N5

Bus: 905-746-9494
Fax: 416-674-1682
E-mail: akamboj@trebnet.com
web: www.suttongroupcommitment.com






ਜਦੋਂ ਲੋਕਾਂ ਨੂੰ ਇਹ ਦਿਖਾਈ ਦੇਣ ਲੱਗ ਜਾਂਦਾ ਹੈ ਕਿ ਵਿਰੋਧਤਾਈਆਂ ਰਾਹੀਂ ਕੀਮਤ ਦੇਣੀ ਜ਼ਿਆਦਾ ਔਖੀ ਹੋ ਰਹੀ ਹੈ ਤਾਂ ਉਹ ਲਗਾਤਾਰ ਇਕ ਅਜਿਹੀ ਪ੍ਰਤੀਬੱਧ ਸਮਾਜਿਕ ਤਬਦੀਲੀ ਵਾਲੀ ਰਾਜਨੀਤੀ ਵੱਲ ਨੂੰ ਪਰਤਦੇ ਹਨ ਉਨ੍ਹਾਂ ਨੂੰ ਆਪਣਾ ਭਵਿੱਖ ਕਾਰਲ ਮਾਰਕਸ 'ਚੋਂ ਦਿਖਾਈ ਦੇਣ ਲਗਦਾ ਹੈ। ਇੰਞ ਦਾ ਹੀ ਵਰਤਾਰਾ ਮੁੜ ਫਿਰ ਵਾਪਰਨ ਵੱਲ ਇਤਿਹਾਸ ਕਰਵਟ ਲੈ ਰਿਹਾ ਹੈ।